# A COMPARATIVE STUDY OF THE NOVELS OF AMRITA PRITAM AND KRISHNA SOBTI

## (WITH REFERENCE TO SOCIO-CULTURAL VALUES)

# ਅੰਮ੍ਰਿਤਾ ਪ੍ਰੀਤਮ ਅਤੇ ਕ੍ਰਿਸ਼ਨਾ ਸੋਬਤੀ ਦੇ ਨਾਵਲਾਂ ਦਾ ਤੁਲਨਾਤਮਕ ਅਧਿਐਨ

## (ਸਮਾਜਕ-ਸਭਿਆਚਾਰਕ ਕਦਰ-ਪ੍ਰਬੰਧ ਦੇ ਸੰਦਰਭ ਵਿਚ)

ਕੁਲਵਿੰਦਰ ਕੌਰ (Kulwinder Kaur)

ਖੋਜਾਰਥੀ, ਪੰਜਾਬੀ ਵਿਭਾਗ

ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ।

Email ID: Kulwinder.queen@gmail.com ਮੋਬਾਈਲ: +91- 94172-93063

ABSTRACT

*ਪੰਜਾਬੀ ਸਾਹਿਤ ਦੀ ਨਾਵਲਕਾਰ ਅੰਮ੍ਰਿਤਾ ਪ੍ਰੀਤਮ ਅਤੇ ਹਿੰਦੀ ਸਾਹਿਤ ਦੀ ਨਾਵਲਕਾਰ ਕ੍ਰਿਸ਼ਨਾ ਸੋਬਤੀ ਦੋਵੇਂ ਨਾਵਲਕਾਰਾਂ ਸਮਾਜ ਸਭਿਆਚਾਰਕ ਪਰਿਸਥਿਤੀਆਂ ਨੂੰ ਆਧਾਰ ਬਣਾ ਕੇ ਨਾਵਲਾਂ ਦੀ ਸਿਰਜਣ ਪ੍ਰਕਿਰਿਆ ਕਰਦੀਆਂ ਹਨ। ਦੋਵੇਂ ਨਾਵਲਕਾਰਾਂ ਮੱਧਵਰਗੀ ਜਾਗੀਰੂ ਸਮਾਜ ਦੀਆਂ ਨਾਵਲਕਾਰਾਂ ਹੋਣ ਕਾਰਨ ਇਸ ਮੱਧਵਰਗੀ ਸਮਾਜ ਦੀ ਜੀਵਨ ਸ਼ੈਲੀ ਦੇ ਪ੍ਰਭਾਵ ਅਧੀਨ ਰਚੇ ਜਾ ਰਹੇ ਨਾਵਲਾਂ ਵਿੱਚ ਜੀਵਨ ਦੇ ਵਿਭਿੰਨ ਪਸਾਰਾਂ ਅਤੇ ਸਮਾਜ-ਸਭਿਆਚਾਰਕ ਕਦਰ ਪ੍ਰਬੰਧ ਨੂੰ ਇਕ ਵੱਖਰੇ ਦ੍ਰਿਸ਼ਟੀ ਕੋਣ ਤੋਂ ਪ੍ਰਗਟਾਇਆ ਗਿਆ ਹੈ। ਦੋਵੇਂ ਨਾਵਲਕਾਰਾਂ ਦੇ ਸਮਾਜਿਕ ਸਭਿਆਚਾਰਕ ਪਰੰਪਰਕ ਯਥਾਰਥ ਦੇ ਵਿਚਾਰਨ ਕਾਰਨ ਉਪਜੇ ਸਭਿਆਚਾਰਕ ਅਤੇ ਨੈਤਿਕ ਕਦਰ ਪ੍ਰਬੰਧ ਦੇ ਸੰਕਟ ਨੂੰ ਨਾਵਲਕਾਰਾਂ ਨੇ ਆਪਣੇ ਅਨੁਭਵ ਦੇ ਪੱਧਰ ਉੱਤੇ ਪੇਸ਼ ਕਰਨ ਦਾ ਯਤਨ ਕੀਤਾ ਹੈ। ਉਨ੍ਹਾਂ ਨੇ ਆਪਣੇ ਨਾਵਲਾਂ ਵਿੱਚ ਪੂਰਵ ਸੁਤੰਤਰਤਾ ਦੌਰ ਤੋਂ ਲੈ ਕੇ ਹੁਣ ਤੱਕ ਦੀਆਂ ਘਟਨਾਵਾਂ ਨੂੰ ਆਪਣਾ ਵਿਸ਼ਾ ਦਾ ਆਧਾਰ ਬਣਾਇਆ। ਇਸ ਅੰਤਰਗਤ ਉਨ੍ਹਾਂ ਨੇ ਔਰਤ ਦੀਆਂ ਸਮੱਸਿਆਵਾਂ ਅਤੇ ਮਨੋਭਾਵਾਂ ਨੂੰ ਆਪਣੀਆਂ ਰਚਨਾਵਾਂ ਵਿੱਚ ਔਰਤ ਦੀ ਸਰੀਰਕ ਲੋਖਾਂ ਅਤੇ ਦਮਿਤ ਅਕਾਂਖਿਆਵਾਂ ਨੂੰ ਬੇਬਾਕੀ ਨਾਲ ਆਪਣੇ ਗਲਪੀ ਬਿੰਬ ਵਿੱਚ ਢਾਲਿਆ। ਉਹ ਨਾਵਲਾਂ ਵਿੱਚ ਸਮਾਜ ਦੇ ਹਰ ਉਸ ਸਭਿਆਚਾਰਕ ਅਤੇ ਸਮਾਜਿਕ ਨੇਮਾਂ ਦੇ ਢਾਂਚੇ ਨੂੰ ਅਸਵੀਕਾਰ ਕਰਦੀਆਂ ਹਨ। ਜੋ ਮੱਧਵਰਗੀ ਪਰੰਪਰਾ ਅਧੀਨ ਔਰਤ ਨੂੰ ਨੀਵੀਂ ਅਤੇ ਪਰਿਸਥਿਤੀਆਂ ਨੂੰ ਉਸ ਦੀ ਹੋਣੀ ਸਵੀਕਾਰਨ ਲਈ ਮਜਬੂਰ ਕਰਦੇ ਹਨ ਅੰਮ੍ਰਿਤਾ ਪ੍ਰੀਤਮ ਅਤੇ ਕ੍ਰਿਸ਼ਨਾ ਸੋਬਤੀ ਨਾਵਲੀ ਪੈਰਾਡਾਇਮ ਰਾਹੀਂ ਔਰਤ ਦੀ ਅਗਵਾਈ ਕਰਦਿਆਂ ਸਮਾਜਿਕ ਸਭਿਆਚਾਰਕ ਸਿਸਟਮ ਪਰੰਪਰਾਵਾਦੀ ਸੋਚ ਦਾ ਵਿਦਰੋਹ ਕਰਦੀਆਂ ਦੀਆਂ ਹਨ ਅਤੇ ਸਿਸਟਮ ਉੱਤੇ ਵਿਅੰਗ ਕਰਦੀਆਂ ਹਨ। ਇਸ ਕਰਕੇ ਦੋਵੇਂ ਨਾਵਲਕਾਰਾਂ ਮਨੋਵਿਗਿਆਨੀ ਚੇਤਨਾ ਦੀ ਧਾਰਾ ਵਾਲੀਆਂ ਨਾਵਲਕਾਰਾਂ ਮੰਨੀਆਂ ਜਾਂਦੀਆਂ ਹਨ। ਉਨ੍ਹਾਂ ਨੇ ਨਾਵਲਾਂ ਵਿੱਚ ਮੱਧ ਵਰਗ ਦੇ ਜਾਗੀਰਦਾਰੀ ਸਮਾਜ ਵਿਚਲੇ ਪਰੰਪਰਾਵਾਦੀ ਸਮਾਜ ਸਭਿਆਚਾਰਕ ਕਦਰ ਕੀਮਤਾਂ ਨੂੰ ਇਸ ਤਰ੍ਹਾਂ ਪੇਸ਼ ਕੀਤਾ ਹੈ ਕਿ ਔਰਤਾਂ ਮਰਦ-ਪ੍ਰਧਾਨ ਸਮਾਜ ਦੇ ਵਿੱਚ ਰਹਿ ਕੇ ਸਮਾਜ ਸਭਿਆਚਾਰਕ ਦੁਸ਼ਵਾਰੀਆਂ ਦਾ ਸਾਹਮਣਾ ਕਰਦੀਆਂ ਹਨ।*

***ਕੀ ਵਰਡ : ਅੰਮ੍ਰਿਤਾ ਪ੍ਰੀਤਮ, ਕ੍ਰਿਸ਼ਨਾ ਸੋਬਤੀ, ਨਾਵਲਕਾਰ, ਸਮਾਜ, ਸਾਹਿਤ, ਸਮਾਜਕ, ਸਭਿਆਚਾਰਕ, ਕਦਰ-ਪ੍ਰਬੰਧ।***

ਆਦਿ ਕਾਲੀਨ ਤੋਂ ਹੀ ਮਨੁੱਖੀ ਸਮਾਜ ਦੀ ਸਮੁੱਚੀ ਸੰਰਚਨਾ ਕੁਝ ਨੇਮਾਂ 'ਤੇ ਅਧਾਰਿਤ ਰਹੀ ਹੈ। ਕਿਉਂਕਿ ਸਮਾਜ ਮਨੁੱਖੀ ਹੋਂਦ ਦੀ ਮੂਲ ਇਕਾਈ ਹੈ ਪਰ ਬਦਲਦੇ ਸਮੇਂ ਨਾਲ ਸਮਾਜ ਦੇ ਨੇਮ ਵੀ ਬਦਲਦੇ ਰਹੇ ਹਨ। ਸਮਾਜ ਵਿਚ ਰਹਿੰਦਿਆਂ ਮਨੁੱਖ ਸਮਾਜਕ-ਸਭਿਆਚਾਰਕ ਕਦਰਾਂ-ਕੀਮਤਾਂ ਵਿਚ ਵਿਚਰਦਾ ਹੈ। ਕਿਸੇ ਵੀ ਸਮਾਜ ਦੀ ਉਸਾਰੀ ਉਸ ਦੇ ਸਮਾਜਕ-ਸਭਿਆਚਾਰਕ ਢਾਂਚੇ ਵਿਚ ਸ਼ਾਮਲ ਕਦਰ-ਪ੍ਰਬੰਧ ਤੋਂ ਹੁੰਦੀ ਹੈ। ਸਮਾਜ ਵਿਚ ਰਹਿਣ ਵਾਲਾ ਹਰ ਵਿਅਕਤੀ ਸਹਿਜੇ ਹੀ ਇਨ੍ਹਾਂ ਨੇਮਾਂ ਨੂੰ ਸਵੀਕਾਰ ਲੈਂਦਾ ਹੈ। ਇਹ ਨੇਮ ਹੀ ਸਮਾਜਕ-ਸਭਿਆਚਾਰ ਕਦਰ-ਪ੍ਰਬੰਧ ਦੇ ਰੂਪ ਵਿਚ ਸਾਡੇ ਜੀਵਨ ਦਾ ਹਿੱਸਾ ਬਣਦੇ ਹਨ। ਮਨੁੱਖ ਦੇ ਪ੍ਰਗਟਾਵੇ, ਅਨੁਭਵ ਅਤੇ ਵਿਵਹਾਰ ਵਿਚ ਕਿਸੇ ਵੀ ਕਦਰਾਂ-ਕੀਮਤਾਂ ਦੀ ਚੇਤਨਾ ਸਹਿਜੇ ਹੀ ਸ਼ਾਮਲ ਹੋ ਜਾਂਦੀ ਹੈ। ਇਹ ਕਦਰ-ਪ੍ਰਬੰਧ ਪਰੰਪਰਕ ਮਨੁੱਖ ਸਮਾਜ ਵਿਚ ਰਹਿਣ, ਵਿਚਰਨ ਕਰਕੇ ਆਪਣੇ ਸਮਾਜਕ-ਸਭਿਆਚਾਰਕ ਵਿਚੋਂ ਪੀੜ੍ਹੀ-ਦਰ-ਪੀੜ੍ਹੀ ਸਮੇਂ ਦੇ ਨਾਲ ਗ੍ਰਹਿਣ ਕਰਦਾ ਰਹਿੰਦਾ ਹੈ। ਪਰੰਪਰਕ ਕਦਰ ਪ੍ਰਬੰਧ ਮਨੁੱਖ ਦੇ ਕਾਰਜ, ਵਿਵਹਾਰ ਅਤੇ ਰਿਸ਼ਤੇ-ਨਾਤਿਆਂ ਦੇ ਮੂਲ ਵਿਧਾਨ ਵਿਚ ਕੰਮ ਕਰਦੇ ਨਿਯਮ ਮਨੁੱਖ ਦੀਆਂ ਲੋੜਾਂ ਅਨੁਸਾਰ ਸਮਾਜਕ-ਸਭਿਆਚਾਰਕ ਕਦਰ-ਪ੍ਰਬੰਧ ਦੀ ਸਿਰਜਣਾ ਕਰਦੇ ਹਨ। ਇਹ ਪਰੰਪਰਕ ਕੀਮਤਾਂ ਮਨੁੱਖੀ ਸਮੂਹਿਕ ਜੀਵਨ-ਜਾਚ ਦਾ ਅਹਿਮ ਅੰਗ ਬਣ ਸਮਾਜ ਵਿਚ

ਰਹਿੰਦੇ ਮਨੁੱਖ ਲਈ ਅਗਵਾਈ ਕਰਤਾ ਦਾ ਰੋਲ ਅਦਾ ਕਰਦੀਆਂ ਹਨ। ਵਿਅਕਤੀ ਦਾ ਸਮੁੱਚਾ ਵਿਵਹਾਰ, ਇੱਛਾਵਾਂ ਅਤੇ ਭਵਿੱਖ ਦੀ ਕਾਰਜਸ਼ੀਲਤਾ ਪਰੰਪਰਕ ਕਦਰ-ਪ੍ਰਬੰਧ ਰਾਹੀਂ ਨਿਰਧਾਰਿਤ ਹੁੰਦੇ ਹਨ। ਸਮਾਜ ਵਿਚ ਰਹਿੰਦੇ ਵਿਅਕਤੀ ਨੂੰ ਸਮਾਜਕ ਜੀਵਨ ਜਿਊਣ ਲਈ ਲਾਹੇਵੰਦ ਕਦਰਾਂ-ਕੀਮਤਾਂ ਲੋਕ ਮਾਨਸਿਕਤਾ ਵੱਲੋਂ ਸਵੀਕਾਰ ਕੀਤੀਆਂ ਜਾਂਦੀਆਂ ਹਨ। ਪੂਰਵਜਾਂ ਦੁਆਰਾ ਸਮੂਹਿਕ ਤਜਰਬਿਆਂ ਅਤੇ ਅਨੁਭਵਾਂ ਰਾਹੀਂ ਕਿਸੇ ਸਮਾਜਕ-ਸਭਿਆਚਾਰਕ ਕਦਰ-ਪ੍ਰਬੰਧ ਦੇ ਮਾਪਦੰਡ ਤੈਅ ਕੀਤੇ ਗਏ ਹਨ। ਇਸ ਬਾਰੇ ਡਾ. ਮਨਮੋਹਨ ਸਿੰਘ ਦਾ ਵਿਚਾਰ ਹੈ ਕਿ,

*"ਮਨੁੱਖੀ ਕਦਰਾਂ-ਕੀਮਤਾਂ ਉਹ ਆਦਰਸ਼ ਹਨ ਜਿਨ੍ਹਾਂ ਨੂੰ ਪ੍ਰਾਪਤ ਕਰਨ ਲਈ ਅਪਣਾਉਣ ਲਈ ਜਾਂ ਗ੍ਰਹਿਣ ਕਰਨ ਲਈ ਮਨੁੱਖ ਉਮਰ ਭਰ ਯਤਨਸ਼ੀਲ ਰਹਿੰਦਾ ਹੈ। ਮਨੁੱਖ ਦੀਆਂ ਪ੍ਰਾਪਤ ਕਰਨਯੋਗ ਕਦਰਾਂ-ਕੀਮਤਾਂ ਮਨੁੱਖ ਦੀਆਂ ਲੋੜਾਂ ਅਤੇ ਉਸ ਦੇ ਆਦਰਸ਼ਾਂ ਦਾ ਸਮੂਹ ਜਾਂ ਸਮੁੱਚ ਹਨ।"*[1]

ਮਨੁੱਖ ਸਮਾਜਕ-ਸਭਿਆਚਾਰਕ ਜੀਵ ਹੋਣ ਦੇ ਨਾਤੇ ਆਪਣੀਆਂ ਜੈਵਿਕ, ਸਰੀਰਕ, ਵਿਅਕਤੀਗਤ, ਸਮਾਜਕ ਨਿੱਜੀ ਲੋੜਾਂ, ਇੱਛਾਵਾਂ ਅਤੇ ਇੱਥੋਂ ਤੱਕ ਕਿ ਸਵਾਰਥੀ ਹਿੱਤਾਂ ਦੀ ਪੂਰਤੀ ਵੀ ਆਪਣੇ ਸਿਰਜਿਤ ਕਦਰ-ਪ੍ਰਬੰਧ ਦੇ ਦਾਇਰੇ ਵਿਚ ਹੀ ਰਹਿ ਕੇ ਕਰ ਸਕਦਾ ਹੈ। ਉਸਦਾ ਅਜਿਹਾ ਕਰਨਾ ਸਮਾਜਕ ਪ੍ਰਬੰਧ ਦੇ ਸਥਾਪਿਤ ਨਿਰਦੇਸ਼ਾਤਮਕ ਅਤੇ ਨਿਖੇਧਾਤਮਕ ਕੀਮਤ ਪ੍ਰਬੰਧ ਅਧੀਨ ਵਿਚਾਰਿਆ ਜਾਂਦਾ ਹੈ। ਅਸਲ ਵਿਚ ਕਦਰ-ਪ੍ਰਬੰਧ ਦਾ ਸਰਵਉੱਚ ਮਨੋਰਥ ਲੋਕ ਹਿਤ ਪੱਖ ਵਿਚ ਕਾਰਜਸ਼ੀਲਤਾ ਨੂੰ ਸਵੀਕਾਰਿਆ ਗਿਆ ਹੈ। ਇਸੇ ਲਈ ਇਸ ਨੂੰ ਸਰਵ-ਵਿਆਪੀ ਭਲਾਈ ਅਨੁਕੂਲ ਹੀ ਢਾਲਿਆ ਜਾ ਸਕਦਾ ਹੈ।

*"ਆਮ ਤੌਰ ਉੱਤੇ ਦੇਖਣ ਵਿਚ ਆਇਆ ਹੈ ਕਿ ਹਰ ਸਮਾਜ ਦੀ ਇਕ ਬੁਨਿਆਦੀ ਕਦਰ ਹੁੰਦੀ ਹੈ, ਜਿਸ ਨੂੰ ਕੇਂਦਰੀ ਸਥਾਨ ਪ੍ਰਾਪਤ ਹੁੰਦਾ ਹੈ, ਅਤੇ ਬਾਕੀ ਸਾਰੀਆਂ ਕਦਰਾਂ-ਕੀਮਤਾਂ ਉਸੇ ਇਕ ਬੁਨਿਆਦੀ ਕਦਰ ਦਾ ਪਾਸਾਰ ਹੁੰਦੀਆਂ ਹਨ, ਉਸੇ ਤੋਂ ਵਿਆਖਿਆ ਪਾਉਂਦੀਆਂ ਹਨ, ਜਾਂ ਉਸੇ ਦੇ ਸੰਦਰਭ ਵਿਚ ਅਰਥ ਰੱਖਦੀਆਂ ਹਨ।"* [2]

ਹਰ ਸਭਿਆਚਾਰ ਆਪਣੀ ਸਿਰਜਣ ਪ੍ਰਕਿਰਿਆ ਰਾਹੀਂ ਕੁਝ ਕਦਰਾਂ-ਕੀਮਤਾਂ ਨੂੰ ਸਿਰਜਦਾ ਹੈ, ਜਿਨ੍ਹਾਂ ਦਾ ਇਕ ਨਿਸ਼ਚਿਤ ਪ੍ਰਬੰਧ ਅਤੇ ਸਭਿਆਚਾਰਕ ਮੁੱਲ ਹੁੰਦਾ ਹੈ। ਸਮੇਂ ਦੇ ਪਰਿਵਰਤਨ ਨਾਲ ਮੁੱਖ ਪਰੰਪਰਾ ਦੇ ਅਧੀਨ ਜਾਂ ਉਪ-ਪਰੰਪਰਾਵਾਂ ਉੱਭਰਨ ਲੱਗਦੀਆਂ ਹਨ ਜੋ ਸਮਾਂ ਪਾ ਕੇ ਮੁੱਖ ਪਰੰਪਰਾ ਦੀ ਧਾਰਾ ਨਾਲ ਮਿਲ ਜਾਂਦੀਆਂ ਹਨ ਜਾਂ ਇਕ ਵੱਖਰੀ ਪਰੰਪਰਾ ਦੇ ਰੂਪ ਵਿਚ ਆਪਣਾ ਨਿਵੇਕਲਾ ਰੂਪ ਅਖ਼ਤਿਆਰ ਕਰ ਲੈਂਦੀਆਂ ਹਨ। ਇਸੇ ਤਰ੍ਹਾਂ ਹੀ ਵਿਸ਼ਵੀਕਰਨ ਦੇ ਆਉਣ ਨਾਲ ਸਮਾਜਕ-ਸਭਿਆਚਾਰਕ ਕਦਰ-ਪ੍ਰਬੰਧ ਵਿਚ ਦਿਨ-ਪ੍ਰਤੀ-ਦਿਨ ਤਬਦੀਲੀ ਵਾਪਰ ਰਹੀ ਹੈ।

ਸਾਹਿਤ ਦੀਆਂ ਸਾਰੀਆਂ ਵਿਧਾਵਾ ਆਪਣੀ ਸਮਗਰੀ ਸਮਾਜ ਅਤੇ ਸਭਿਆਚਾਰ ਵਿਚੋਂ ਹੀ ਗ੍ਰਹਿਣ ਕਰਦੀਆਂ ਹਨ। ਸਾਹਿਤ ਦਾ ਮੁੱਖ ਮਨੋਰਥ ਹੀ ਸਮਾਜ ਨੂੰ ਉੱਚੇ ਆਦਰਸ਼ਾਂ ਵੱਲ ਸੇਧਿਤ ਕਰਨਾ ਹੁੰਦਾ ਹੈ। ਸਾਹਿਤ ਜੀਵਨ ਦੇ ਜੀਣ-ਥੀਣ ਦੇ ਬੁਨਿਆਦੀ ਮਸਲਿਆਂ ਨਾਲ ਸੰਬੰਧਿਤ ਹੁੰਦਾ ਹੈ। ਇਸ ਸੰਦਰਭ ਵਿਚ ਡਾ. ਅਤਰ ਸਿੰਘ ਦਾ ਕਹਿਣਾ ਹੈ ਕਿ ਸਾਹਿਤਕਾਰ ਸਮਕਾਲੀ ਜੀਵਨ ਦੀਆਂ ਵਿਰੋਧਤਾਈਆਂ ਦੀ ਪਰਸਪਰ ਟੱਕਰ ਨੂੰ ਉਘਾੜ ਕੇ ਪੁਰਾਣੀਆਂ ਬੋਦੀਆਂ ਹੋ ਚੁੱਕੀਆਂ ਸ਼ਕਤੀਆਂ ਤੇ ਕਦਰਾਂ-ਕੀਮਤਾਂ ਉੱਤੇ ਨਵੀਂਆਂ ਉੱਭਰ ਰਹੀਆਂ ਸ਼ਕਤੀਆਂ ਤੇ ਕਦਰਾਂ ਨੂੰ ਸਮਕਾਲੀ ਜੀਵਨ ਬਦਲਣ ਵਿਚ ਸਹਾਇਤਾ ਕਰਦਾ ਹੈ। ਨਾਵਲ ਇਕ ਅਜਿਹਾ ਆਧੁਨਿਕ ਸਾਹਿਤ ਰੂਪ ਹੈ ਜਿਹੜਾ ਬਹੁ-ਪਾਸਾਰੀ ਤੇ ਬਹੁਪਰਤੀ ਸਮਾਜਕ-ਸਭਿਆਚਾਰਕ ਵਾਸਤਵਿਕਤਾ ਨੂੰ ਸੂਖਮਤਾ ਅਤੇ ਵਿਸ਼ਾਲਤਾ ਸਹਿਤ ਪੇਸ਼ ਕਰਨ ਦੇ ਸਮਰੱਥ ਹੈ। ਵੀਹਵੀਂ ਸਦੀ ਦੇ ਆਰੰਭਲੇ ਦਹਾਕੇ ਵਿਚ ਨਾਵਲੀ ਵਿਧਾ ਦੇ ਵਿਸ਼ੇ ਪਰਲੋਕਿਕ ਮਨੁੱਖ ਦੀ ਥਾਂ ਸਧਾਰਨ ਮਨੁੱਖ 'ਤੇ ਕੇਂਦਰਿਤ ਹੋਣ ਲੱਗੇ। ਭਾਵੇਂ ਸਾਮੰਤੀ ਸਮਾਜ ਵਿਚਲੇ ਮਾਨਵੀ ਜੀਵਨ ਦੀਆਂ ਆਰਥਿਕ ਥੁੜ੍ਹਾਂ, ਮਾਨਸਿਕ ਅਕਾਂਖਿਆਵਾਂ, ਸਮਾਜਕ, ਸਭਿਆਚਾਰਕ ਤੇ ਰਾਜਨੀਤਿਕ ਸੰਕਟਾਂ ਨਾਲ ਸੰਬੰਧਿਤ ਵਿਸ਼ਿਆਂ ਦੀ ਚੋਣ ਕੀਤੀ ਜਾਣ ਲੱਗੀ ਪਰ ਇਹਨਾਂ ਦੀ ਰਚਨਾ ਦ੍ਰਿਸ਼ਟੀ ਆਦਰਸ਼ਵਾਦੀ-ਸੁਧਾਰਵਾਦੀ ਪ੍ਰਵਿਰਤੀ ਨਾਲ ਹੀ ਸੰਬੰਧਿਤ ਰਹੀ। ਇਸ ਮੱਧਵਰਗੀ ਸਮਾਜ ਦੀ ਜੀਵਨ-ਸ਼ੈਲੀ ਦੇ ਪ੍ਰਭਾਵ ਅਧੀਨ ਰਚੇ ਜਾ ਰਹੇ ਨਾਵਲਾਂ ਵਿਚ ਜੀਵਨ ਦੇ ਵਿਭਿੰਨ ਪਸਾਰਾਂ ਅਤੇ ਸਮਾਜਕ-ਸਭਿਆਚਾਰਕ ਕਦਰ-ਪ੍ਰਬੰਧ ਨੂੰ ਇਕ ਵੱਖਰੇ ਦ੍ਰਿਸ਼ਟੀਕੋਣ ਤੋਂ ਪ੍ਰਗਟਾਇਆ ਗਿਆ ਪਰ ਆਧੁਨਿਕ ਸਮੇਂ ਦੀਆਂ ਵੱਖ-ਵੱਖ ਵਿਚਾਰਧਾਰਾਈ, ਸਮਾਜਕ-ਸਭਿਆਚਾਰਕ, ਆਰਥਕ ਰਾਜਨੀਤਿਕ ਅਤੇ ਧਾਰਮਿਕ ਖੇਤਰ ਵਿਚਲੀਆਂ ਵਿਵਸਥਾਵਾਂ ਦੀ ਟੁੱਟ-ਭੱਜ ਨੇ ਪੁਰਾਣੀਆਂ ਕਦਰਾਂ-ਕੀਮਤਾਂ ਅਤੇ ਯਥਾਰਥ ਦਾ ਵਿਗਠਨ ਕੀਤਾ ਹੈ। ਇਸ ਪਰੰਪਰਕ ਯਥਾਰਥ ਦੇ ਵਿਗਠਨ ਕਾਰਨ ਉਪਜੇ ਸਭਿਆਚਾਰਕ ਅਤੇ ਨੈਤਿਕ ਕਦਰ-ਪ੍ਰਬੰਧ ਦੇ ਸੰਕਟ ਨੂੰ ਨਾਵਲਕਾਰਾਂ ਨੇ ਆਪਣੇ ਅਨੁਭਵ ਦੇ ਪੱਧਰ ਤੇ ਪੇਸ਼ ਕਰਨ ਦਾ ਯਤਨ ਕੀਤਾ ਹੈ। ਇੱਥੇ ਮੇਰੇ ਇਸ ਪਰਚੇ ਦਾ ਸੰਬੰਧ ਪੰਜਾਬੀ ਨਾਵਲ ਦੀ ਦੂਜੀ ਪੀੜ੍ਹੀ ਨਾਲ ਸੰਬੰਧਿਤ ਨਾਵਲਕਾਰ ਅੰਮ੍ਰਿਤਾ ਪ੍ਰੀਤਮ (ਯਾਤਰੀ, ਧਰਤੀ ਸਾਗਰ ਤੇ ਸਿੱਪੀਆਂ ਅਤੇ ਪਿੰਜਰ) ਅਤੇ ਹਿੰਦੀ ਦੀ ਨਾਵਲਕਾਰ ਕ੍ਰਿਸ਼ਨਾ ਸੋਬਤੀ (ਮਿਤਰੋਂ ਮਰਜਾਣੀ, ਦਿਲੋਂ ਦਾਨਿਸ਼ ਅਤੇ ਡਾਰ ਸੇ ਬਿਛੁੜੀ) ਦੇ ਚੋਣਵੇਂ ਨਾਵਲਾਂ ਦੇ ਸੰਦਰਭ ਵਿਚ ਗੱਲ ਕਰਾਂਗੇ।

ਅੰਮ੍ਰਿਤਾ ਪ੍ਰੀਤਮ ਪੰਜਾਬੀ ਸਾਹਿਤ ਦੀ ਉਹ ਪਹਿਲੀ ਇਸਤਰੀ ਸਾਹਿਤਕਾਰ ਹੈ ਜਿਸ ਦਾ ਸਾਹਿਤ ਵਿਚ ਵਿਲੱਖਣ ਸਥਾਨ ਹੈ। ਜਿਸ ਨੇ ਵਿਭਿੰਨ ਰੂਪਾਂ ਰਾਹੀਂ

ਆਪਣੀਆਂ ਭਾਵਨਾਵਾਂ ਨੂੰ ਪ੍ਰਗਟਾਉਣ ਦੀ ਦਲੇਰੀ ਕੀਤੀ ਹੈ। ਇਹ ਬਹੁਤ ਘੱਟ ਦੇਖਿਆ ਗਿਆ ਹੈ ਕਿ ਇਕ ਕਵੀ ਲੇਖਕ ਹੋਣ ਦੇ ਨਾਲ-ਨਾਲ ਬਹੁਤ ਚੰਗਾ ਗੱਦਕਾਰ ਵੀ ਹੋਵੇ। ਫਿਰ ਵੀ ਕੁਝ ਕਲਾਕਾਰ ਵਿਲੱਖਣ ਹੁੰਦੇ ਹਨ, ਜਿਨ੍ਹਾਂ ਨੂੰ ਅਸੀਂ ਸਰਵਪੱਖੀ ਕਹਿ ਸਕਦੇ ਹਾਂ। ਅੰਮ੍ਰਿਤਾ ਪ੍ਰੀਤਮ ਉਨ੍ਹਾਂ ਲੇਖਕਾਂ ਵਿਚੋਂ ਇਕ ਪ੍ਰਸਿੱਧ ਲੇਖਿਕਾ ਹੈ ਜਿਨ੍ਹਾਂ ਨੇ ਇਕ ਪ੍ਰਸਿੱਧ ਸ਼ਾਇਰਾ ਹੋਣ ਦੇ ਨਾਲ-ਨਾਲ ਆਪਣੇ ਨਾਵਲਾਂ ਸਦਕਾ ਚੰਗੇ ਨਾਵਲਕਾਰਾਂ ਦੀ ਕਤਾਰ ਵਿਚ ਆਪਣੀ ਥਾਂ ਬਣਾ ਲਈ। ਅੰਮ੍ਰਿਤਾ ਪ੍ਰੀਤਮ ਨੇ ਹੁਣ ਤੱਕ ਕੋਈ 27 ਦੇ ਕਰੀਬ ਨਾਵਲਾਂ ਦੀ ਰਚਨਾ ਕੀਤੀ ਹੈ। ਉਹ ਆਪਣੀ ਨਾਵਲੀ ਸਫ਼ਰ ਨੂੰ 'ਜੈ ਸ਼ਾਇਰੀ' (1946) ਨਾਵਲ ਤੋਂ ਆਰੰਭ ਕਰਕੇ 'ਜੇਬਕਤਰੇ' (1971), ਨਾਵਲ ਤੱਕ ਲੈ ਕੇ ਜਾਂਦੀ ਹੈ। ਅੰਮ੍ਰਿਤਾ ਪ੍ਰੀਤਮ ਇਕ ਉੱਚ ਮੱਧਵਰਗ ਦੇ ਦੌਰ ਦੀ ਲੇਖਿਕਾ ਹੋਣ ਕਰਕੇ ਆਪਣੇ ਬਿਰਤਾਂਤ ਵਿਚ ਔਰਤ ਨੂੰ ਪਰਿਵਾਰਿਕ ਰਿਸ਼ਤਿਆਂ ਦੇ ਸੰਦਰਭ ਵਿਚ ਮਾਂ, ਧੀ, ਭੈਣ, ਪਤਨੀ ਤੋਂ ਇਲਾਵਾ ਪ੍ਰੇਮਿਕਾ ਦੇ ਰੂਪ ਵਿਚ ਪੇਸ਼ ਕਰਦੀ ਹੈ। ਉਸਨੇ ਪੰਜਾਬੀ ਨਾਵਲ ਵਿਚ ਇਕ ਨਵੀਂ ਚੇਤਨਾ ਰਾਹੀਂ ਮਾਨਵੀ ਰਿਸ਼ਤਿਆਂ ਨੂੰ ਧਿਆਨ ਵਿਚ ਰੱਖ ਕੇ ਔਰਤ-ਮਰਦ ਦੇ ਸੰਬੰਧਾਂ ਨੂੰ ਪਾਸਾਰੀ ਰੂਪ ਵਿਚ ਕੇਂਦਰੀ ਧੁਰਾ ਮੰਨ ਕੇ ਸਿਰਜਣਾ ਕੀਤੀ ਹੈ। ਅੰਮ੍ਰਿਤਾ ਪ੍ਰੀਤਮ ਦੀਆਂ ਨਾਵਲੀ ਕਿਰਤਾਂ ਔਰਤਾਂ ਦੀ ਪੀੜਾਂ ਅਤੇ ਜੱਦੋ-ਜਹਿਦ ਨਾਲ ਭਰਪੂਰ ਹਨ। ਉਸਨੇ ਆਪਣੀ ਚੇਤਨ ਦ੍ਰਿਸ਼ਟੀ ਨਾਲ ਤਤਕਾਲੀ ਸਮਾਜ ਵਿਚ ਸਥਾਪਤ ਵਿਭਿੰਨ ਸਮੱਸਿਆਵਾਂ ਦੀ ਪੇਸ਼ਕਾਰੀ ਕਰਦੀ ਹੈ। ਇਸੇ ਕਰਕੇ ਉਹਨਾਂ ਦਾ ਨਾਮ ਪੰਜਾਬੀ ਸਾਹਿਤ ਵਿਚ ਪ੍ਰਚਲਿਤ ਵਿਭਿੰਨ ਪ੍ਰਵਿਰਤੀਆਂ ਨਾਲ ਜੋੜਿਆ ਜਾਂਦਾ ਹੈ।

ਕ੍ਰਿਸ਼ਨਾ ਸੋਬਤੀ ਹਿੰਦੀ ਸਾਹਿਤ ਦੇ ਮੁੱਢਲੇ ਦੌਰ ਦੀ ਪ੍ਰਮੁੱਖ ਕਥਾਕਾਰ ਹੈ। ਕ੍ਰਿਸ਼ਨਾ ਸੋਬਤੀ ਨੇ ਕਵਿਤਾ, ਕਹਾਣੀ, ਸ਼ਬਦ-ਚਿੱਤਰ ਸਮਰਪਣ ਅਤੇ ਨਾਵਲ ਰਾਹੀਂ ਅਪਣਾ ਸਾਹਿਤਕ ਸਫ਼ਰ ਪੂਰਾ ਕੀਤਾ ਹੈ। ਪਰ ਉਸਦੀ ਅਧਿਕਤਰ ਪ੍ਰਸਿੱਧੀ ਹਿੰਦੀ ਸਾਹਿਤ ਵਿਚ ਇਕ ਲਘੂ ਨਾਵਲਕਾਰ ਦੇ ਵਜੋਂ ਹੋਈ। ਉਹ ਇਕ ਅਜਿਹੀ ਲੇਖਿਕਾ ਹੈ ਜਿਸ ਨੇ ਨਵੇਂ ਪ੍ਰਯੋਗਾਂ ਅਧੀਨ ਆਪਣੀਆਂ ਰਚਨਾਵਾਂ ਦੇ ਵਿਸ਼ਾ-ਵਸਤੂ ਨੂੰ ਭਾਸ਼ਾ ਅਤੇ ਸ਼ਿਲਪ ਦੇ ਪੱਖੋਂ ਨਾਵਲੀ ਬਿਰਤਾਂਤ ਰਾਹੀਂ ਸੰਖੇਪ ਰੂਪ ਵਿਚ ਪ੍ਰਗਟਾਇਆ ਹੈ। ਇਸ ਕਰਕੇ ਉਸਦੀ ਹਰ ਰਚਨਾ ਚਰਚਾ ਦਾ ਵਿਸ਼ਾ ਬਣਦੀ ਹੈ। ਕ੍ਰਿਸ਼ਨਾ ਸੋਬਤੀ ਨੇ ਲਗਭਗ 11ਨਾਵਲਾਂ ਦੀ ਰਚਨਾ ਕੀਤੀ ਅਤੇ ਉਸਦਾ ਨਾਵਲੀ ਸਫ਼ਰ 'ਡਾਰ ਸੇ ਬਿਛੜੀ' (1958), ਤੋਂ ਲੈ ਕੇ 'ਚੰਨਾਂ' (2019) ਤੱਕ ਦਾ ਹੈ। ਕ੍ਰਿਸ਼ਨਾ ਸੋਬਤੀ ਨੇ ਆਪਣੇ ਨਾਵਲਾਂ ਵਿਚ ਪੂਰਵ ਸੁਤੰਤਰਤਾ ਦੌਰ ਤੋਂ ਲੈ ਕੇ ਹੁਣ ਤੱਕ ਦੀਆਂ ਘਟਨਾਵਾਂ ਨੂੰ ਆਪਣਾ ਵਿਸ਼ਾ ਆਧਾਰ ਬਣਾਇਆ। ਇਸ ਅੰਤਰਗਤ ਉਹਨਾਂ ਨੇ ਔਰਤ ਦੀਆਂ ਸਮੱਸਿਆਵਾਂ ਅਤੇ ਮਨੋਭਾਵਾਂ ਨੂੰ ਆਪਣੀਆਂ ਰਚਨਾਵਾਂ ਦਾ ਵਿਸ਼ਾ ਚੁਣਿਆ ਹੈ। ਕ੍ਰਿਸ਼ਨਾ ਸੋਬਤੀ ਦੀ ਖ਼ੂਬਸੂਰਤੀ ਹੈ ਕਿ ਉਸਨੇ ਔਰਤ ਦੀ ਸਰੀਰਕ ਲੋੜਾਂ ਅਤੇ ਦਮਿਤ ਅਕਾਂਖਿਆਵਾਂ ਨੂੰ ਬੇਬਾਕੀ ਨਾਲ ਆਪਣੇ ਗਲਪੀ ਬਿੰਬ ਵਿਚ ਢਾਲਿਆ। ਉਹ ਨਾਵਲਾਂ ਵਿਚ ਸਮਾਜ ਦੇ ਹਰ ਉਸ ਸਭਿਆਚਾਰਕ ਅਤੇ ਸਮਾਜਕ ਨੇਮਾਂ ਦੇ ਢਾਂਚੇ ਨੂੰ ਅਸਵੀਕਾਰਦੀ ਹੈ ਜੋ ਮੱਧਵਰਗੀ ਪਰੰਪਰਾ ਅਧੀਨ ਔਰਤ ਨੂੰ ਨੀਵੀਂ ਅਤੇ ਪਰਿਸਥਿਤੀਆਂ ਨੂੰ ਉਸਦੀ ਹੋਣੀ ਸਵੀਕਾਰਨ ਲਈ ਮਜਬੂਰ ਕਰਦੇ ਹਨ। ਕ੍ਰਿਸ਼ਨਾ ਸੋਬਤੀ ਨਾਵਲੀ ਪੈਰਾਡਾਇਮ ਰਾਹੀਂ ਔਰਤ ਦੀ ਅਗਵਾਈ ਕਰਦਿਆਂ ਸਮਾਜਕ, ਸਭਿਆਚਾਰਕ, ਧਾਰਮਿਕ, ਆਰਥਿਕ ਅਤੇ ਰਾਜਨੀਤਿਕ ਸਿਸਟਮ ਪਰੰਪਰਾਵਾਦੀ ਸੋਚ ਦਾ ਵਿਦਰੋਹ ਕਰਦੀ ਹੈ। ਉਸਦੀਆਂ ਰਚਨਾਵਾਂ ਵਰਤਮਾਨ ਦੀ ਅਗਵਾਈ ਵਿਚ ਸਮਾਜਕ ਸਿਸਟਮ ਦੇ ਵਿਅੰਗ ਕਰਦੀਆਂ ਹਨ ਕਿ ਕਿਵੇਂ ਨਵੇਂ ਪ੍ਰਚਲਿਤ ਸਭਿਆਚਾਰਕ ਮਾਪਦੰਡ ਮਰਦ ਪ੍ਰਧਾਨ ਹਨ ਅਤੇ ਇਹ ਔਰਤ ਅਕਾਂਖਿਆਵਾਂ ਦਾ ਦਮਨ ਕਰਦੇ ਹਨ। ਕ੍ਰਿਸ਼ਨਾ ਸੋਬਤੀ ਆਪਣੇ ਨਾਵਲਾਂ ਵਿਚ ਹਰ ਸਮੱਸਿਆ ਜਾਂ ਘਟਨਾ ਨੂੰ ਪ੍ਰਤੀਕ ਰਾਹੀਂ ਦਰਸਾਉਂਦੀ ਹੈ। ਇਸੇ ਕਰਕੇ ਉਹ ਮਨੋਵਿਗਿਆਨਿਕ ਚੇਤਨਤਾ ਦੀ ਧਾਰਾ ਵਾਲੀ ਲੇਖਿਕਾ ਮੰਨੀ ਜਾਂਦੀ ਹੈ।

ਅੰਮ੍ਰਿਤਾ ਪ੍ਰੀਤਮ ਨੇ ਆਪਣੇ ਨਾਵਲਾਂ 'ਯਾਤਰੀ', 'ਧਰਤੀ ਸਾਗਰ ਤੇ ਸਿੱਪੀਆਂ', ਅਤੇ 'ਪਿੰਜਰ', ਵਿਚ ਮੱਧ-ਵਰਗ ਦੇ ਜਾਗੀਰਦਾਰੀ ਸਮਾਜ ਵਿਚ ਪਰੰਪਰਾਵਾਦੀ ਸਮਾਜਕ-ਸਭਿਆਚਾਰਕ ਕਦਰਾਂ-ਕੀਮਤਾਂ ਨੂੰ ਇਸ ਤਰ੍ਹਾਂ ਪੇਸ਼ ਕੀਤਾ ਹੈ ਕਿ ਔਰਤਾਂ ਮਰਦ-ਪ੍ਰਧਾਨ ਸਮਾਜ ਦੇ ਵਿਚ ਰਹਿ ਕੇ ਸਮਾਜਕ-ਸਭਿਆਚਾਰਕ ਦੁਸ਼ਵਾਰੀਆਂ ਦਾ ਸਾਹਮਣਾ ਕਰਦੀਆਂ ਹਨ। ਨਾਵਲ ਦੇ ਔਰਤ ਪਾਤਰ ਸੁਚੇਤ ਹੋਣ ਦੇ ਬਾਵਜੂਦ ਵੀ ਆਪਣੇ ਆਪ ਨੂੰ ਪਰੰਪਰਾਵਾਦੀ ਕਦਰ-ਪ੍ਰਬੰਧ ਸਾਹਮਣੇ ਆਪਣੇ ਆਪ ਨੂੰ ਸਮਰਪਣ ਕਰ ਦਿੰਦੇ ਹਨ। ਅੰਮ੍ਰਿਤਾ ਪ੍ਰੀਤਮ ਨੇ ਆਪਣੇ ਨਾਵਲਾਂ ਵਿਚ ਸਮਾਜ ਵੱਲੋਂ ਬਣਾਈਆਂ ਔਰਤ ਵਿਰੋਧੀ ਕਦਰਾਂ-ਕੀਮਤਾਂ 'ਤੇ ਤਿੱਖਾ ਵਿਅੰਗ ਕੀਤਾ ਹੈ। ਇਕ ਔਰਤ ਹੋਣ ਕਰਕੇ ਉਸਨੂੰ ਔਰਤ ਦੀ ਦੁਰਦਸ਼ਾ ਦਾ ਤੀਬਰ ਅਹਿਸਾਸ ਹੈ। ਉਹ ਮਰਦ ਵੱਲੋਂ ਔਰਤ ਨਾਲ ਕੀਤੇ ਜਾਂਦੇ ਵਿਹਾਰ 'ਤੇ ਚੋਟ ਕਰਦੀ ਹੈ। ਸਮਾਜ ਔਰਤ ਦੀ ਆਜ਼ਾਦ ਜ਼ਿੰਦਗੀ ਦੇ ਰਾਹ ਵਿਚ ਰੁਕਾਵਟ ਬਣਦਾ ਹੈ। ਔਰਤ ਦਾ ਸਾਰਾ ਜੀਵਨ ਰੋਕਾਂ, ਬੰਦਿਸ਼ਾਂ ਅਤੇ ਤ੍ਰਿਸਕਾਰ ਭਰਿਆਂ ਵਿਖਾਈ ਦੇਂਦਾ ਹੈ। ਔਰਤ ਜਨਮ ਤੋਂ ਮਾਂ-ਪਿਉ ਦੇ ਕਹਿਣੇ ਅਨੁਸਾਰ ਜ਼ਿੰਦਗੀ ਬਿਤਾਉਂਦੀ ਹੈ। ਵਿਆਹ ਉਪਰੰਤ ਸਾਰੀ ਉਮਰ ਪਤੀ ਦੀ ਕੈਦ ਵਿਚ ਰਹਿੰਦੀ ਹੈ। ਜਨਮ ਤੋਂ ਲੈ ਕੇ ਮੌਤ ਤਕ ਰਿਸ਼ਤਿਆਂ ਦੀ ਬੰਦਿਸ਼ ਨੂੰ ਸਵੀਕਾਰਦੀ ਹੋਈ ਔਰਤ ਸਾਰੀ ਉਮਰ ਹੀ ਦੁਖਾਂਤ ਹੀ ਭੋਗਦੀ ਹੈ। ਭਾਰਤੀ ਸਮਾਜ ਦੀ ਔਰਤ ਸਭਿਆਚਾਰਕ ਰਿਸ਼ਤੇ-ਨਾਤਿਆਂ ਤੇ ਕਦਰਾਂ-ਕੀਮਤਾਂ ਵਿਚ ਇੰਞ ਘਿਰੀ ਹੋਈ ਹੈ ਕਿ ਹਰ ਪਾਸੇ ਉਸਦਾ ਸ਼ੋਸ਼ਣ ਕੀਤਾ ਜਾਂਦਾ ਹੈ। ਸਮਾਜਕ-ਸਭਿਆਚਾਰਕ ਦੁਸ਼ਵਾਰੀਆਂ ਧਾਰਨਾਵਾਂ ਤੇ ਨੈਤਿਕ ਕਦਰਾਂ-ਕੀਮਤਾਂ ਨੇ ਔਰਤ

ISSN: 2583-9446

ਨੂੰ ਮਰਦ ਦੇ ਕਲਾਵੇ ਵਿਚ ਇੰਝ ਲਪੇਟ ਲਿਆ ਹੈ ਕਿ ਉਸਦਾ ਨਿਕਲਣਾ ਮੁਸ਼ਕਲ ਹੀ ਨਹੀਂ ਨਾਮੁਮਕਨ ਹੈ। ਇਸ ਕਰਕੇ ਔਰਤ ਨੂੰ ਕਿਸੇ ਵੀ ਰੂਪ ਵਿਚ ਮਰਦ ਦੀ ਅਧੀਨਗੀ ਸਵੀਕਾਰਨਾ ਪੈਂਦੀ ਹੈ। ਜਿਸ ਬਾਰੇ ਮਨੂ-ਸਿਮਰਤੀ ਨੇ ਔਰਤ ਨੂੰ ਬਚਪਨ ਵਿਚ ਪਿਤਾ, ਜਵਾਨੀ ਵਿਚ ਪਤੀ ਜਾਂ ਪ੍ਰੇਮੀ ਤੇ ਬੁਢਾਪੇ ਵਿਚ ਜੇ ਉਹ ਵਿਧਵਾ ਹੋ ਜਾਵੇ ਤਾਂ ਪੁੱਤਰਾਂ ਅਧੀਨ, ਰਹਿਣ ਲਈ ਕਿਹਾ ਹੈ। ਔਰਤ ਦੀ ਇਸੇ ਵੇਦਨਾ ਅਤੇ ਦੁਖਾਂਤ ਨੂੰ ਅੰਮ੍ਰਿਤਾ ਪ੍ਰੀਤਮ ਨੇ ਆਪਣੇ ਨਾਵਲਾਂ ਵਿਚ ਪ੍ਰਗਟਾਇਆ ਹੈ। ਨਾਵਲਾਂ ਦੀਆਂ ਔਰਤ ਪਾਤਰਾਂ ਸਮਾਜ ਵਿਚ ਪ੍ਰਚਲਿਤ ਕਦਰਾਂ-ਕੀਮਤਾਂ ਕਰਕੇ ਸਮਾਜਕ ਪੱਖਪਾਤ ਦਾ ਸ਼ਿਕਾਰ ਹੁੰਦੀਆਂ ਹਨ। ਹਮੇਸ਼ਾ ਔਰਤ ਨੂੰ ਹੀ ਬੱਚਾ ਨਾ ਹੋਣ ਦਾ ਕਸੂਰਵਾਰ ਠਹਿਰਾਇਆ ਜਾਂਦਾ ਹੈ। ਔਰਤ ਨੂੰ ਤਾਂ ਹੀ ਸੰਪੂਰਨ ਮੰਨਿਆਂ ਜਾਂਦਾ ਹੈ, ਜੇਕਰ ਉਸਦੀ ਕੁੱਖੋਂ ਸੰਤਾਨ ਪੈਦਾ ਹੁੰਦੀ ਹੈ। ਸੰਤਾਨ ਦੀ ਉਤਪਤੀ ਔਰਤ ਦੀ ਆਪਣੀ ਰੀਝ ਵੀ ਹੁੰਦੀ ਹੈ ਪਰ ਕਈ ਵਾਰ ਕਈ ਕਾਰਨਾਂ ਕਰਕੇ ਉਸਦੀ ਇਹ ਰੀਝ ਪੂਰੀ ਨਹੀਂ ਹੁੰਦੀ। ਅਜਿਹੀ ਸਥਿਤੀ ਲਈ ਪਤੀ-ਪਤਨੀ ਵਿਚੋਂ ਕੋਈ ਵੀ ਜ਼ਿੰਮੇਵਾਰ ਹੋ ਸਕਦਾ ਹੈ ਪਰ ਅਕਸਰ ਔਰਤ ਨੂੰ ਹੀ ਦੋਸ਼ੀ ਮੰਨਿਆ ਜਾਂਦਾ ਹੈ। ਸਮਾਜ ਇਸ ਸਥਿਤੀ ਵਿਚ ਮਰਦ ਦੇ ਦੂਸਰੇ ਵਿਆਹ ਨੂੰ ਮਾਨਤਾ ਦਿੰਦਾ ਹੈ ਪਰ ਪਤੀ ਵਿਚ ਨੁਕਸ ਸਾਬਤ ਹੋਣ ਤੇ ਵੀ ਔਰਤ ਲਈ ਦੂਸਰਾ ਵਿਆਹ ਕਰਨਾ ਸੰਭਵ ਨਹੀਂ ਹੈ। ਸਮਾਜਕ ਪੱਖ-ਪਾਤ ਦੀ ਇਹ ਉੱਘੜਵੀਂ ਉਦਾਹਰਨ ਹੈ। ਸੰਤਾਨਹੀਣ ਔਰਤ ਸਮਾਜਕ ਕਦਰਾਂ-ਕੀਮਤਾਂ ਦੇ ਬੋਝ ਥੱਲੇ ਦੱਬੀ ਹੋਈ ਏਨੀ ਘੁੱਟਣ ਮਹਿਸੂਸ ਕਰਦੀ ਹੈ ਕਿ ਖ਼ੁਦ ਆਪਣੇ ਪਤੀ ਦੇ ਦੂਸਰੇ ਵਿਆਹ ਲਈ ਸਹਿਮਤੀ ਦੇ ਦਿੰਦੀ ਹੈ। ਇਸ ਪਿੱਛੇ ਉਸਦਾ ਮਕਸਦ ਪਤੀ ਨੂੰ ਵਾਰਿਸ ਦੇਣਾ ਹੁੰਦਾ ਹੈ। ਇਸ ਤਰ੍ਹਾਂ ਹੀ ਅੰਮ੍ਰਿਤਾ ਪ੍ਰੀਤਮ ਦੇ 'ਯਾਤਰੀ' ਨਾਵਲ ਵਿਚ ਦੀਨਾ ਨਾਥ ਅਤੇ ਉਸਦੀ ਪਤਨੀ ਵੀ ਸਮਾਜਕ-ਸਭਿਆਚਾਰਕ ਕਦਰ-ਪ੍ਰਬੰਧ ਦੇ ਧਾਰਨੀ ਮਨੁੱਖ ਹਨ। ਦੀਨਾ ਨਾਥ ਦੀ ਪਤਨੀ ਉਸਨੂੰ ਆਪਣਾ ਭਗਵਾਨ ਮੰਨਦੀ ਹੈ ਤੇ ਉਸਦੀਆਂ ਇੱਛਾਵਾਂ ਅਤੇ ਹੁਕਮਾਂ ਦਾ ਪਾਲਣ ਕਰਦੀ ਹੋਈ ਉਸਦੀ ਰਜ਼ਾ ਵਿਚ ਆਪਣਾ ਜੀਵਨ ਬਤੀਤ ਕਰਦੀ ਹੈ। ਦੀਨਾ ਨਾਥ ਦੀ ਪਤਨੀ ਆਪਣੇ ਪਤੀ ਨੂੰ ਪੂਜਦੀ ਹੈ ਤੇ ਉਹ ਉਸ ਦੇ ਹੱਥਾਂ ਵਿਚ ਮਰ ਜਾਣ ਨੂੰ ਹੀ ਆਪਣੀ ਖ਼ੁਸ਼ ਕਿਸਮਤੀ ਸਮਝਦੀ ਹੈ। ਇਸ ਬਾਰੇ ਉਹ ਆਪਣੇ ਪਤੀ ਨੂੰ ਕਹਿੰਦੀ ਹੈ:-

> *"ਮੈਂ ਤੇਰੇ ਆਪਣੇ ਭਗਵਾਨ ਦੇ ਹੱਥਾਂ ਵਿਚ ਇਸ ਦੁਨੀਆ ਤੋਂ ਚਲੀ ਜਾਵਾਂ, ਮੈਨੂੰ ਇਸ ਤੋਂ ਵੱਧ ਕੁਝ ਨਹੀਂ ਚਾਹੀਦਾ......।"*[3]

ਦੀਨਾ ਨਾਥ ਵੀ ਹੋਰ ਜਾਗੀਰਦਾਰਾਂ ਵਾਂਗ ਹੀ ਅੱਯਾਸ਼ ਹੈ। ਉਸਨੂੰ ਇਸ ਅੱਯਾਸ਼ੀ ਦਾ ਆਪਣੀ ਜ਼ਿੰਦਗੀ ਵਿਚ ਭਾਰੀ ਨੁਕਸਾਨ ਉਠਾਉਣਾ ਪੈਂਦਾ ਹੈ ਕਿ ਉਹ ਸੰਤਾਨ ਪੈਦਾ ਕਰਨ ਦੇ ਯੋਗ ਵੀ ਨਹੀਂ ਰਹਿੰਦਾ। ਇਸ ਕਾਰਨ ਉਹ ਆਪਣੀ ਜਵਾਨੀ ਸਮੇਂ ਕੀਤੀ ਗ਼ਲਤੀ ਤੇ ਸ਼ਰਮਿੰਦਾ ਹੋਣ ਕਾਰਨ ਸੰਤਾਨ ਦੀ ਜ਼ਰੂਰਤ ਨੂੰ ਸਮਝਦਾ ਹੋਇਆ ਆਪਣੀ ਪਤਨੀ ਦੀ ਬੱਚਾ ਪੈਦਾ ਕਰਨ ਦੀ ਇੱਛਾ ਪੂਰਾ ਕਰਨ ਲਈ ਮੱਧ ਵਰਗ ਦੇ ਜਗੀਰਦਾਰੀ ਸਮਾਜ ਵਿਚਲੇ ਹਾਕਮ ਜਮਾਤ ਦੇ ਪੁਰਸ਼ ਵਾਂਗ ਹੀ ਇਕ ਸੰਤ ਕਿਰਪਾ ਸਾਗਰ ਨਾਲ ਸਰੀਰਕ ਸੰਬੰਧ ਬਣਾਉਣ ਲਈ ਕਹਿੰਦਾ ਹੈ। ਉਸਦੀ ਪਤਨੀ ਵੀ ਜਾਗੀਰਦਾਰੀ ਸਮਾਜ ਦੀ ਪਰੰਪਰਾਵਾਦੀ ਸੋਚ ਵਾਲੀ ਔਰਤ ਹੋਣ ਵਜੋਂ ਭਗਵਾਨ ਰੂਪੀ ਆਪਣੇ ਪਤੀ ਦਾ ਹੁਕਮ ਨਹੀਂ ਮੋੜਦੀ ਅਤੇ ਨਾ ਚਾਹੁੰਦੇ ਹੋਏ ਵੀ ਦੀਨਾਂ ਨਾਥ ਦੇ ਕਹੇ ਅਨੁਸਾਰ ਹੀ ਕਰਦੀ ਹੈ ਤੇ ਇਕ ਬੱਚੇ ਨੂੰ ਜਨਮ ਦਿੰਦੀ ਹੈ। ਸਾਮੰਤੀ ਸਮਾਜ ਵਿਚ ਔਰਤ ਪੂਰੀ ਤਰ੍ਹਾਂ ਮਰਦ ਉਪਰ ਹੀ ਨਿਰਭਰ ਕਰਦੀ ਹੈ ਤੇ ਮਰਦ ਪ੍ਰਧਾਨ ਸਮਾਜ ਜੋ ਬ੍ਰਹਮਵਾਦੀ ਸੋਚ ਰੱਖਦਾ ਹੈ, ਨੇ ਔਰਤ ਲਈ ਇਹ ਵਿਵਸਥਾ ਇਸ ਲਈ ਬਣਾਈ ਹੈ, ਕਿ ਉਹ ਕਦੇ ਆਤਮ-ਨਿਰਭਰ ਸੁਤੰਤਰ ਅਤੇ ਚੇਤਨ ਹੋਣ ਬਾਰੇ ਸੋਚ ਵੀ ਨਾ ਸਕੇ। ਔਰਤ ਮਰਦ ਦੇ ਹੁਕਮਾਂ ਦਾ ਪਾਲਣ ਕਰੇ ਤੇ ਉਨ੍ਹਾਂ ਦੇ ਅਧੀਨ ਰਹੇ। ਇਸ ਸੰਬੰਧੀ ਜਾਨ ਸਟੂਅਰਟ ਮਿਲ ਲਿਖਦਾ ਹੈ:-

> *"ਬਚਪਨ ਤੋਂ ਸਾਰੀਆਂ ਇਸਤਰੀਆਂ ਨੂੰ ਇਹ ਸਿਖਾਇਆ ਜਾਂਦਾ ਹੈ ਕਿ ਉਨ੍ਹਾਂ ਦਾ ਆਦਰਸ਼ ਚਰਿੱਤਰ ਪੁਰਸ਼ਾਂ ਦੇ ਚਰਿੱਤਰ ਤੋਂ ਠੀਕ ਵਿਰੋਧੀ ਹੋਣਾ ਚਾਹੀਦਾ ਹੈ। ਇੱਛਾ ਸ਼ਕਤੀ ਅਤੇ ਆਤਮ-ਨਿਯੰਤਰਨ ਨਹੀਂ, ਬਲਕਿ ਸਮਰਪਣ ਅਤੇ ਦੂਸਰੇ ਦੇ ਨਿਯੰਤਰਨ ਦੇ ਅਧੀਨ ਝੁਕ ਜਾਣਾ ਉਨ੍ਹਾਂ ਦਾ ਗੁਣ ਹੋਣਾ ਚਾਹੀਦਾ ਹੈ। ਸਾਰੀ ਨੈਤਿਕਤਾ ਉਨ੍ਹਾਂ ਨੂੰ ਦੱਸਦੀ ਹੈ ਕਿ ਇਹ ਔਰਤ ਦਾ ਕਰਤੱਵ ਹੈ ਕਿ ਉਹ ਦੂਜਿਆਂ ਲਈ ਜੀਵੇ, ਪੂਰਾ ਆਤਮ ਤਿਆਗ ਕਰੇ ਅਤੇ ਆਪਣੇ 'ਸਨੇਹ-ਸੰਬੰਧਾਂ' ਦੇ ਇੱਛਾਵਾਂ ਉਨ੍ਹਾਂ ਦਾ ਆਪਣਾ ਕੋਈ ਜੀਵਨ ਨਾ ਹੋਵੇ। ਸਨੇਹ-ਸੰਬੰਧਾਂ ਤੋਂ ਭਾਵ ਸਿਰਫ਼ ਉਨ੍ਹਾਂ ਸੰਬੰਧਾਂ ਤੋਂ ਹੈ, ਜਿਨ੍ਹਾਂ ਦੀ ਉਸ ਨੂੰ ਇਜਾਜ਼ਤ ਹੈ-ਉਹ ਪੁਰਸ਼ ਹੀ ਔਰਤ ਦਾ ਸੰਸਾਰ ਜਾਂ ਉਸ ਦੇ ਸਨੇਹ-ਸੰਬੰਧਾਂ ਦਾ ਦਾਇਰਾ ਹੈ।"*[4]

'ਯਾਤਰੀ' ਨਾਵਲ ਵਿਚ ਅੰਮ੍ਰਿਤਾ ਪ੍ਰੀਤਮ ਨੇ ਮੱਧ-ਵਰਗੀ ਸੋਚ ਅਨੁਸਾਰ ਮਰਦ-ਪ੍ਰਧਾਨ ਸਮਾਜ ਦੇ ਸੰਤਾਨ ਪੈਦਾ ਕਰਨ ਦੇ ਮਨੋਭਾਵਾਂ ਨੂੰ ਪੇਸ਼ ਕੀਤਾ ਹੈ। ਇਸ ਨਾਵਲ ਵਿਚ ਮਰਦ-ਔਰਤ ਅੰਦਰ ਬੱਚੇ ਦੀ ਇੱਛਾ ਨੂੰ ਚਿਤਰਿਆ ਹੈ। ਬੱਚਾ ਪੈਦਾ ਕਰਨ ਦੀ ਇੱਛਾ ਕੁਦਰਤੀ ਮੰਨੀ ਗਈ ਹੈ। ਨਾਵਲ ਵਿਚ ਇੱਛਾ ਦੀ ਪੂਰਤੀ ਤੋਂ ਜੋ ਬੱਚਾ ਪੈਦਾ ਹੁੰਦਾ ਹੈ ਉਸਦਾ ਨਾਮ ਕਿਰਪਾ ਰੱਖਿਆ ਜਾਂਦਾ ਹੈ। ਇਹ ਸਾਰਾ ਨਾਵਲ ਉਸ ਬੱਚੇ ਦੇ ਆਲੇ-ਦੁਆਲੇ ਹੀ ਘੁੰਮਦਾ ਹੈ। ਉਹ ਆਪਣੀ ਮਾਂ-ਬਾਪ ਤੇ ਮਹੰਤ ਕਿਰਪਾ ਦੇ ਸੱਚ ਜਾਣਨ ਤੋਂ ਬਾਅਦ ਵੀ ਜ਼ਿੰਦਗੀ ਨਾਲ ਸਮਝੌਤਾ ਕਰਦਾ ਹੈ। ਅੰਮ੍ਰਿਤਾ ਪ੍ਰੀਤਮ ਨੇ 'ਯਾਤਰੀ' ਨਾਵਲ ਦੇ ਪਾਤਰਾਂ ਦਾ ਚਰਿੱਤਰ-ਚਿਤਰਨ ਬਹੁਤ ਵਧੀਆਂ ਢੰਗ ਨਾਲ ਕੀਤਾ ਹੈ, ਦੀਨਾ ਨਾਥ, ਉਸਦੀ ਪਤਨੀ ਅਤੇ ਕਿਰਪਾ ਸਾਗਰ ਤਿੰਨਾਂ ਨੂੰ ਪਰੰਪਰਕ ਸਮਾਜਕ-ਸਭਿਆਚਾਰਕ ਕਦਰ-ਪ੍ਰਬੰਧ ਅਤੇ

ਪਰਿਸਥਿਤੀਆਂ ਅਨੁਸਾਰ ਨਾ ਚਾਹੁੰਦੇ ਹੋਏ ਵੀ ਸਵੀਕਾਰਨਾ ਪੈਂਦਾ ਹੈ।

ਕ੍ਰਿਸ਼ਨਾ ਸੋਬਤੀ ਦਾ ਨਾਵਲ 'ਮਿੱਤਰੋ ਮਰਜਾਣੀ' ਵੀ ਅੰਮ੍ਰਿਤਾ ਪ੍ਰੀਤਮ ਦੇ ਨਾਵਲ 'ਯਾਤਰੀ' ਦੀ ਤਰ੍ਹਾਂ ਹੀ ਜਾਪਦਾ ਹੈ। 'ਮਿੱਤਰੋ ਮਰਜਾਣੀ' ਵਿਚ ਮਿੱਤਰੋ ਦਾ ਸਹੁਰਾ-ਪਰਿਵਾਰ ਜੋ ਇਕ ਸੰਯੁਕਤ ਅਤੇ ਪਰੰਪਰਕ ਸਮਾਜਕ-ਸਭਿਆਚਾਰਕ ਕਦਰਾਂ-ਕੀਮਤਾਂ ਦਾ ਧਾਰਨੀ ਹੈ। ਇੱਥੇ ਇਸ ਨਾਵਲ ਵਿਚਲੀ ਨਾਇਕਾ ਮਿੱਤਰੋ ਇਸ ਪਰੰਪਰਕ ਕੀਮਤ-ਪ੍ਰਬੰਧ ਤੋਂ ਬਗ਼ਾਵਤ ਕਰਨਾ ਲੋਚਦੀ ਹੈ ਪਰ ਉਸਦੀ ਮਾਨਸਿਕਤਾ ਵਿਚ ਪਰੰਪਰਕ ਸਮਾਜ ਦੀ ਆਦਰਸ਼ਕਤਾ ਹੀ ਘਰ ਕਰੀ ਬੈਠੀ ਹੈ। ਨਾਵਲ ਵਿਚ ਉਸਦਾ ਪਤੀ ਸਰਦਾਰੀ ਲਾਲ ਜੋ ਇਕ ਨਾਮਰਦ ਵਿਅਕਤੀ ਹੋਣ ਕਾਰਨ ਮਿੱਤਰੋ ਦੀ ਸਰੀਰਕ ਤ੍ਰਿਪਤੀ ਪੂਰੀ ਨਹੀਂ ਕਰ ਸਕਦਾ ਹੈ। ਮਿੱਤਰੋ ਸਰਦਾਰੀ ਲਾਲ ਦਾ ਨਾਮਰਦ ਹੋਣ ਬਾਰੇ ਸਾਰੇ ਪਰਿਵਾਰ ਵਿਚ ਬੇਬਾਕ ਹੋ ਕੇ ਕਹਿਣ ਵਿਚ ਕੋਈ ਸ਼ਰਮ ਨਹੀਂ ਸਮਝਦੀ। ਉਹ ਆਪਣੇ ਜੀਵਨ ਦੀ ਸਾਰਥਕਤਾ ਆਪਣੀ ਦੇਹ ਨੂੰ ਲੁਟਾ ਕੇ ਜੀਵਨ ਭੋਗਣ ਵਿਚ ਸਮਝਦੀ ਹੈ। ਇਸ ਕਰਕੇ ਮਿੱਤਰੋ ਨੂੰ ਆਪਣਾ ਪਤੀ ਸਰਦਾਰੀ ਲਾਲ ਕਾਫ਼ੀ ਨਹੀਂ ਲੱਗਦਾ ਤੇ ਉਸਦੀ ਸਰੀਰਕ ਭੁੱਖ ਹੋਰ ਪ੍ਰਬਲ ਹੋ ਜਾਂਦੀ ਹੈ ਕਿਉਂਕਿ ਸਰਦਾਰੀ ਲਾਲ ਪਰਿਵਾਰਕ/ਸਮਾਜਕ ਬੰਦਸ਼ਾਂ ਅਤੇ ਸ਼ਲੀਨਤਾ ਕਾਰਨ ਆਪਣੀਆਂ ਮਰਿਆਦਾਵਾਂ ਨਹੀਂ ਉਲੰਘਣਾ ਚਾਹੁੰਦਾ। ਪਰ ਦੂਜੇ ਪਾਸੇ ਸਰਦਾਰੀ ਲਾਲ ਮਿੱਤਰੋ ਦੀਆਂ ਸਰੀਰਕ ਇੱਛਾਵਾਂ ਨੂੰ ਪੂਰਾ ਕਰਨ ਵਿਚ ਵੀ ਅਸਮਰਥ ਹੈ। ਉਸਦਾ ਪਤੀ ਸਰਦਾਰੀ ਲਾਲ ਮਿੱਤਰੋ ਦੇ ਖੁੱਲ੍ਹੇ ਤੇ ਨਿਸ਼ੰਗ ਵਿਵਹਾਰ ਤੋਂ ਉਹ ਬੇਹੱਦ ਗ਼ੁੱਸੇ ਹੋ ਕੇ ਦੁਰਵਿਹਾਰ ਕਰਦਾ ਹੈ। ਪਰ ਮਿੱਤਰੋ ਉਸ ਦੇ ਹਰ ਵਾਰ ਦਾ ਹੱਸ ਕੇ ਸਾਹਮਣਾ ਕਰਦੀ ਹੈ। ਨਾਵਲ ਵਿਚ ਸਰਦਾਰੀ ਲਾਲ ਦਾ ਮਿੱਤਰੋ ਦੀ ਕੁੱਟਮਾਰ ਕਰਨ ਤੇ ਨਾਵਲ ਦੇ ਪ੍ਰਸੰਗ ਵਿਚ ਇਸ ਤਰ੍ਹਾਂ ਹੈ:-

*"ਖਿੱਲਰਿਆਂ ਪੁੱਲਰਿਆ ਝਾਟਾ, ਸੁਦੈਣ ਲਗਦੀ ਵਿਚਕਾਰਲੀ ਨੂੰਹ, ਸਰਦਾਰੀ ਲਾਲ ਤੋਂ ਹੱਥ ਛੁਡਵਾ ਰਹੀ ਸੀ ਤੇ ਗੁੱਛਾ-ਮੁੱਛੀ ਹੋਈ ਨੂੰ ਸਰਦਾਰੀ ਲਾਲ ਤਾੜ ਤਾੜ ਚਪੇੜਾਂ ਜੜੀ ਜਾ ਰਿਹਾ ਸੀ।"*[5]

ਕ੍ਰਿਸ਼ਨਾ ਸੋਬਤੀ ਦਾ ਇਹ ਨਾਵਲ ਜਗੀਰਦਾਰੀ ਸਮਾਜ ਨਾਲ ਸੰਬੰਧਿਤ ਹੈ। ਇਸ ਸਮੇਂ ਔਰਤ ਪੈਰ ਦੀ ਜੁੱਤੀ ਸਮਝੀ ਜਾਂਦੀ ਸੀ, ਜਿਸ ਕਾਰਨ ਮਰਦ ਆਪਣੀ ਚੌਧਰ ਕਾਇਮ ਰੱਖਣ ਲਈ ਉਸਨੂੰ ਕਿਤੇ ਵੀ ਅਤੇ ਕਿਵੇਂ ਵੀ ਵਰਤਣਾ ਆਪਣਾ ਅਧਿਕਾਰ ਸਮਝਦਾ ਸੀ। ਸਰਦਾਰੀ ਲਾਲ ਵੀ ਇਸੇ ਜਾਗੀਰਦਾਰੀ ਸਮਾਜ ਦਾ ਹਿੱਸਾ ਹੋਣ ਕਾਰਨ ਮਿੱਤਰੋ ਦੇ ਬਾਗ਼ੀ ਸੁਭਾਅ ਨੂੰ ਕੁੱਟ ਮਾਰ ਕੇ ਦਬਾਉਣਾ ਚਾਹੁੰਦਾ ਹੈ। ਜਿਸ ਨਾਲ ਕਿ ਉਸਦੀ ਆਪਣੀ ਸਰੀਰਕ ਕਮੀ ਸਮਾਜ ਸਨਮੁੱਖ ਨਾ ਹੋ ਸਕੇ। ਦੂਜੇ ਇਸ ਸਮੇਂ ਦੀ ਔਰਤ ਵੀ ਆਪਣੀ ਆਦਰਸ਼ਕਤਾ ਕਾਰਨ ਪਤੀ ਨੂੰ ਰੱਬ ਸਮਝ ਪੂਜਦੀ ਸੀ ਜਿਸ ਕਾਰਨ ਉਹ ਮਰਦ ਨੂੰ ਕਦੇ ਨਾ ਗ਼ਲਤ ਹੋਣ ਦੇ ਵਤੀਰੇ ਅੰਤਰਗਤ ਵੇਖਦੀ ਸੀ। ਇਸ ਵਿਚ ਉਸਦੀ ਸੱਸ ਧਨਵੰਤੀ ਜੋ ਸਮਾਜਕ-ਸਭਿਆਚਾਰਕ ਕਦਰ-ਪ੍ਰਬੰਧ ਅਤੇ ਪਰੰਪਰਕ ਔਰਤ ਹੈ। ਉਹ ਆਪਣੇ ਪੁੱਤਰ ਨੂੰ ਨਾ ਕੁਝ ਕਹਿ ਕੇ ਮਿੱਤਰੋ ਨੂੰ ਹੀ ਇਹ ਕਹਿੰਦੀ ਹੈ ਕਿ ਔਰਤ ਕਦੇ ਵੀ ਮਰਦ ਦੀ ਬਰਾਬਰੀ ਨਹੀਂ ਕਰ ਸਕਦੀ ਤੇ ਪਤੀ ਉਸਦਾ ਪਰਮੇਸ਼ਵਰ ਹੈ, ਇਸ ਕਰਕੇ ਉਸ ਦੇ ਨਾ ਚਾਹੁਣ ਤੇ ਵੀ ਉਸਨੂੰ ਆਪਣੀਆਂ ਇੱਛਾਵਾਂ ਦਾ ਗਲਾ ਘੋਟਣਾ ਪਵੇਗਾ। ਮਿੱਤਰੋ ਨੂੰ ਨਸੀਹਤ ਦਿੰਦੀ ਉਹ ਕਹਿੰਦੀ ਹੈ:-

"ਸੁਮਿੱਤਰਾਵੰਤੀ, ਇਹ ਜ਼ਿਦੇ ਪਿਆ ਹੋਇਆ ਏ, ਤੂੰ ਈ ਅੱਖਾਂ ਨੀਵੀਂਆਂ ਕਰ ਲੈ ਧੀਏ। ਮਰਦ, ਮਾਲਕ ਨਾਲ ਆਢਾ ਅਸਾਂ ਵਿਚਾਰੀਆਂ ਨੂੰ ਸੋਂਹਦਾ ਏ?"[6]

'ਮਿੱਤਰੋ ਮਰਜਾਣੀ' ਨਾਵਲ ਵਿਚ 'ਯਾਤਰੀ' ਨਾਵਲ ਵਾਂਗ ਸੰਤਾਨ ਪੈਦਾ ਕਰਨ ਦੀ ਇੱਛਾ ਵੀ ਜ਼ਾਹਰ ਕੀਤੀ ਹੈ। ਮਿੱਤਰੋ ਦੀ ਜੇਠਾਣੀ ਦੇ ਮਾਂ ਬਣਨ ਦੀ ਖ਼ਬਰ ਸੁਣ ਕੇ ਮਿੱਤਰੋ ਦੇ ਮਨ ਵਿਚ ਵੀ ਸੰਤਾਨ ਪੈਦਾ ਕਰਨ ਦੀ ਇੱਛਾ ਉਤਪੰਨ ਹੁੰਦੀ ਹੈ। ਸਮਾਜਕ ਵਿਅਕਤੀ ਹੋਣ ਕਾਰਨ ਇਹ ਕਿਹਾ ਜਾਂਦਾ ਹੈ ਕਿ ਮਰਦ ਦੇ ਮੁਕਾਬਲੇ ਔਰਤ ਅੰਦਰ ਸੰਤਾਨ ਲਈ ਲਾਲਸਾ ਜ਼ਿਆਦਾ ਤਤਪਰ ਹੁੰਦੀ ਹੈ। ਇਸ ਤਰ੍ਹਾਂ ਮਿੱਤਰੋ ਦੀ ਵੀ ਮਾਂ ਬਣਨ ਦੀ ਅਤ੍ਰਿਪਤ ਇੱਛਾ ਵੱਧ ਜਾਂਦੀ ਹੈ। ਪਰ ਉਸ ਦੇ ਪਤੀ ਦੇ ਨਾਮਰਦ ਹੋਣ ਕਾਰਨ ਵੀ ਉਸੇ ਦਾ ਕਸੂਰ ਗਿਣਿਆ ਜਾਂਦਾ ਹੈ ਜਿਸ ਕਾਰਨ ਉਹ ਸੱਸ ਨੂੰ ਚੋਭ ਲਾਉਂਦੀ ਹੈ:-

*"ਮੇਰੇ ਵੱਸ ਵਿਚ ਹੋਵੇ ਤਾਂ ਗਿਣ ਕੇ ਪੂਰੇ ਸੌ ਨਿਆਣੇ ਜੰਮ ਸੱਟਾਂ। ਪਰ ਅੰਮਾ, ਆਪਣੇ ਲਾਡਲੇ ਪੁੱਤਰ ਦਾ ਵੀ ਤਾਂ ਕੋਈ ਔੜ ਤੌੜ ਕਰ। ਮੇਰੇ ਨਿਕਰਮੇ ਪੱਥਰ ਵਿਚ ਵੀ ਤਾਂ ਕੋਈ ਹਿਲਜੁਲ ਹੋਵੇ।"*[7]

ਇੱਥੇ ਮਿੱਤਰੋ ਸੰਤਾਨ ਪੈਦਾ ਕਰਨ ਲਈ ਪਰੰਪਰਕ ਕੀਮਤਾਂ ਨੂੰ ਵੰਗਾਰਨ ਲਈ ਵੀ ਤਿਆਰ ਹੋ ਜਾਂਦੀ ਹੈ। ਉਸ ਵਿਚ ਸਮਾਜਕ ਬੰਦਸ਼ਾਂ ਨੂੰ ਉਲੰਘਣ ਦਾ ਏਨਾ ਉਤਸ਼ਾਹ ਤੇ ਢੀਠਪੁਣਾ ਹੈ ਕਿ ਉਹ ਕੁਝ ਕਰਨ ਤੋਂ ਪਹਿਲਾਂ ਚੰਗੀਆਂ-ਮਾੜੀਆਂ ਨੀਤੀਆਂ ਬਾਰੇ ਨਹੀਂ ਸੋਚਦੀ। ਮਿਤਰੋਂ ਆਪਣੀ ਸਰੀਰਕ ਪੂਰਤੀ ਲਈ ਜੇਠ ਨਾਲ ਸੰਬੰਧ ਬਣਾਉਣੇ ਲੋਚਦੀ ਹੈ ਉਸਤੋਂ ਬਾਅਦ ਉਹ ਆਪਣੀ ਮਾਂ ਕੋਲੋਂ ਹੀ ਇਸ ਇੱਛਾ ਪੂਰਤੀ ਦੀ ਸਮੱਸਿਆ ਦਾ ਹੱਲ ਕਰਨਾ ਚਾਹੁੰਦੀ ਹੈ। ਮਿੱਤਰੋ ਆਪਣੀ ਸਭਿਆਚਾਰਕ ਕੀਮਤਾਂ ਨੂੰ ਤੋੜਨ ਲਈ ਪ੍ਰਬਲ ਹੈ ਪਰ ਉਸਦੀ ਮਾਂ ਵੇਸਵਾ ਹੋਣ ਦੇ ਨਾਤੇ ਉਸ ਲਈ ਪਹਿਲਾਂ ਅਜਿਹਾ ਕਰਨ ਲਈ ਰਾਜ਼ੀ ਹੋ ਜਾਂਦੀ ਹੈ ਪਰ ਫੇਰ ਉਸਨੂੰ ਵਾਪਸ ਬੁਲਾ ਲੈਂਦੀ ਹੈ। ਦੂਜੇ ਪਾਸੇ ਮਿੱਤਰੋ ਆਧੁਨਿਕ ਵਿਚਾਰਾਂ ਵਾਲੀ ਔਰਤ ਹੋਣ ਦੇ ਬਾਵਜੂਦ ਵੀ ਪਰੰਪਰਕ ਕੀਮਤਾਂ ਨੂੰ ਤੋੜ ਨਹੀਂ ਸਕੀ। ਸਗੋਂ ਆਪਣੇ ਪਤੀ ਨੂੰ ਹੀ ਆਪਣਾ ਸੰਸਾਰ ਮੰਨਣ ਲੱਗ ਪੈਂਦੀ ਹੈ। ਮਿੱਤਰੋ ਨੂੰ ਆਪਣੇ ਅਤੇ ਆਪਣੀ ਮਾਂ ਵਿਚਲੇ ਵਕਫ਼ੇ ਦਾ ਪਤਾ ਲੱਗ ਜਾਂਦਾ ਹੈ। ਉਹ ਪਤੀ-ਪਤਨੀ ਦੇ ਪਰੰਪਰਕ ਰਿਸ਼ਤੇ ਦੀ ਅਹਿਮੀਅਤ ਅਤੇ ਕੀਮਤ ਨੂੰ ਸਵੀਕਾਰਨ

ਲਈ ਮਜਬੂਰ ਹੁੰਦੀ ਹੈ। ਕ੍ਰਿਸ਼ਨਾ ਸੋਬਤੀ ਦੇ ਇਸ ਨਾਵਲ ਨੂੰ ਨਾਰੀਵਾਦੀ ਵਿਰੋਧੀ ਕਿਹਾ ਜਾ ਸਕਦਾ ਹੈ। ਜਿਸ ਵਿਚ ਮਰਦ ਪ੍ਰਧਾਨ ਸਮਾਜ ਵਿਚ ਔਰਤ ਕਿਸੇ ਵੱਡੇ ਸਿਸਟਮ ਦਾ ਹਿੱਸਾ ਹੈ ਜੋ ਔਰਤ ਇਸ ਸਿਸਟਮ ਤੋਂ ਆਕੀ ਹੋਵੇਗੀ ਤਾਂ ਉਸ ਦੇ ਲਈ ਤ੍ਰਾਸਦਿਕ ਸਥਿਤੀ ਉਪਜੇਗੀ। ਸਦੀਆਂ ਤੋਂ ਸਥਾਪਿਤ ਕੀਮਤਾਂ ਦੀ ਉਲੰਘਣਾ ਕਰਨ ਨਾਲ ਉਸਦਾ ਨਤੀਜਾ ਵੀ ਮਾੜਾ ਹੀ ਨਿਕਲਦਾ ਹੈ। ਖ਼ਾਸ ਕਰ ਆਕੀ ਔਰਤ ਲਈ ਸਮਾਜ ਵਿਚ ਕੋਈ ਥਾਂ ਨਹੀਂ ਰਹਿ ਜਾਂਦੀ । ਇਸੇ ਲਈ ਕਿਹਾ ਜਾ ਸਕਦਾ ਹੈ ਕਿ ਅੰਮ੍ਰਿਤਾ ਦੇ ਸਮਕਾਲੀ ਆਲੋਚਕਾਂ ਨੇ ਉਸਦੀ ਜੀਵਨ ਸ਼ੈਲੀ ਅਤੇ ਲਿਖਤਾਂ ਪ੍ਰਤੀ ਆਪਣੇ ਪ੍ਰਤੀਕਰਮ ਨਿੰਦਾਜਨਕ ਪੇਸ਼ ਕੀਤੇ ਹਨ। ਇਸੇ ਤਰ੍ਹਾਂ ਕ੍ਰਿਸ਼ਨਾ ਸੋਬਤੀ ਵੀ ਅੰਮ੍ਰਿਤਾ ਦੇ ਸੰਦਰਭ ਵਿਚ ਚਲਦੀ ਹੋਈ ਔਰਤ ਦੀ ਸਥਾਪਿਤ ਸਮਾਜਕ ਹੋਂਦ ਤੋਂ ਨਾਬਰੀ ਗ੍ਰਹਿਣ ਕਰਦੀ ਹੈ। ਕ੍ਰਿਸ਼ਨਾ ਸੋਬਤੀ ਆਪਣੇ ਨਾਵਲ 'ਮਿੱਤਰੋ ਮਰਜਾਣੀ' ਵਿਚ ਮਿੱਤਰੋ ਪਾਤਰ ਰਾਹੀਂ ਸਿਸਟਮ 'ਤੇ ਵਿਅੰਗ ਕਰਦੀ ਹੋਈ ਸਮਾਜ ਨਾਲ ਟੱਕਰ ਲੈਂਦੀ ਹੈ। ਕ੍ਰਿਸ਼ਨਾ ਸੋਬਤੀ ਦੀ ਮਿੱਤਰੋ ਪਾਤਰ ਜੋ ਇਕ ਦਬੰਗ, ਬੇਬਾਕ ਨਿਸ਼ੰਗ ਤੇ ਆਪ ਮੁਹਾਰੀ ਔਰਤ ਹੈ, ਜ਼ਿੰਦਗੀ ਨੂੰ ਆਪਣੇ ਹਿਤ ਦੇ ਪ੍ਰਕਰਣ ਵਿਚ ਵੇਖਣ ਦੀ ਬਜਾਏ, ਆਪਣੇ ਹਿੱਤਾਂ ਨੂੰ ਸਮਾਜ ਦੇ ਪ੍ਰਕਰਣ ਵਿਚ ਵੇਖਣ ਲਾ ਦਿੰਦੀ ਹੈ। ਕ੍ਰਿਸ਼ਨਾ ਸੋਬਤੀ ਦਾ ਨਾਵਲ 'ਦਿਲੋਂ ਦਾਨਿਸ਼' ਦਿੱਲੀ ਦੇ ਵਕੀਲ ਕਿਰਪਾ ਨਰਾਇਣ ਅਤੇ ਉਸ ਦੇ ਪਰਿਵਾਰ ਨੂੰ ਕੇਂਦਰ ਵਿਚ ਰੱਖ ਕੇ ਉਲੀਕਿਆ ਗਿਆ ਹੈ। ਇਸ ਨਾਵਲ ਵਿਚ ਪਰੰਪਰਕ ਕਦਰ-ਪ੍ਰਬੰਧ ਦੀ ਪੇਸ਼ਕਾਰੀ ਹੋਈ ਹੈ। ਇਸ ਨਾਵਲ ਦਾ ਵਿਸ਼ਾ ਕ੍ਰਿਸ਼ਨਾ ਸੋਬਤੀ ਨੇ ਵਿਆਹ ਬਾਹਰੇ ਸੰਬੰਧਾਂ ਬਾਰੇ ਅਤੇ ਸਮਾਜਕ-ਸਭਿਆਚਾਰਕ ਕਦਰਾਂ-ਕੀਮਤਾਂ ਦੀ ਉਲੰਘਣਾ ਕਰਨ ਉਪਰੰਤ ਘਰ ਦੇ ਪੁੱਤਰ ਨੂੰ ਉਸਦਾ ਮੁੱਲ ਕਿਸ ਸਥਿਤੀ ਵਿਚ ਭੁਗਤਣਾ ਪੈਂਦਾ ਹੈ 'ਤੇ ਆਧਾਰਿਤ ਹੈ। ਕਿਰਪਾ ਨਰਾਇਣ ਦੀ ਪਤਨੀ ਕੁਟੰਬ ਪਿਆਰੀ ਹੈ ਉਸ ਦੇ ਤਿੰਨ ਬੱਚੇ ਹੋਣ 'ਤੇ ਵੀ ਉਸ ਦੇ ਮਹਿਕ ਬਾਨੋ ਨਾਲ ਵਿਆਹ ਬਾਹਰੇ ਸੰਬੰਧ ਹਨ। ਕਿਰਪਾ ਨਰਾਇਣ ਅਤੇ ਮਹਿਕ ਬਾਨੋ ਦੇ ਵੀ ਬੱਚੇ ਇਕ ਕੁੜੀ ਇਕ ਮੁੰਡਾ ਹਨ। ਕੁਟੰਬ ਪਿਆਰੀ ਨੂੰ ਆਪਣੇ ਵਿਆਹ ਬਾਹਰੇ ਸੰਬੰਧਾਂ ਦੀ ਪੀੜ ਹੀ ਨਿੱਜੀ ਤੌਰ 'ਤੇ ਪਰੇਸ਼ਾਨ ਨਹੀਂ ਕਰਦੀ ਸਗੋਂ ਆਪਣੇ ਘਰ-ਪਰਿਵਾਰ ਦੀ ਇੱਜ਼ਤ ਵੀ ਮਿੱਟੀ ਬਣ ਰੁਲਦੀ ਮਹਿਸੂਸ ਹੁੰਦੀ ਹੈ। ਉਹ ਆਪਣੇ ਸਹੁਰੇ ਪਰਿਵਾਰ ਵਿਚ ਰਹਿੰਦੀ ਹੋਈ ਸਗੋਂ ਕਈ ਰੂਪਾਂ ਵਿਚ ਵਿਦਰੋਹ ਕਰਦੀ ਹੈ। ਉਹ ਪਤੀ ਮੋਹ ਦੇ ਚੱਕਰ ਵਿਚ ਘਾਤਕ ਰੂਪ ਧਾਰਦੀ ਹੋਈ ਅਤੇ ਮਾਂ ਹੁੰਦੀ ਹੋਈ ਮਹਿਕ ਬਾਨੋ ਦੇ ਬੱਚਿਆਂ ਨੂੰ ਕਤਲ ਕਰਾਉਣ ਦੀ ਕੋਝੀ ਹਰਕਤ ਵੀ ਸੋਚ ਜਾਂਦੀ ਹੈ।

> *"ਅਸੀਂ ਤੁਹਾਡੀ ਥਾਂ ਹੁੰਦੇ ਤੇ ਸੈਰ ਸਪਾਟੇ ਦੇ ਬਹਾਨੇ ਦੋਵੇਂ ਜਵਾਕਾਂ ਨੂੰ ਭੁੱਲੀ ਭਟਿਆਰਨ ਦੇ ਤਲਾਅ 'ਚ ਗੁੰਮ ਕਰ ਦਿੰਦੇ......ਉਸ ਅੱਲ੍ਹੜ ਨੂੰ ਅਸੀਂ ਜਮੁਨਾ ਵਿਚ ਪ੍ਰਵਾਹ ਕਰ ਆਉਂਦੇ।"*[8]

ਇੱਥੇ ਕੁਟੰਬ ਪਿਆਰੀ ਉਸ ਪਰੰਪਰਕ ਔਰਤ ਦੇ ਰੂਪ ਵਿਚ ਸਾਹਮਣੇ ਆਉਂਦੀ ਹੈ ਜੋ ਜਗੀਰੂ ਸਮਾਜ ਵਿਚ ਸਥਾਪਤ ਵਿਆਹ ਬਾਹਰੇ ਸੰਬੰਧਾਂ ਤੋਂ ਉਪਜੀ ਸੰਤਾਨ ਨੂੰ ਕਦੇ ਸਵੀਕਾਰ ਨਹੀਂ ਕਰਦੀ। ਇਹੋ ਹਾਲਾਤ ਕੁਟੰਬ ਪਿਆਰੀ ਦੀ ਆਪਣੇ ਪਤੀ ਦੇ ਵਿਆਹ ਬਾਹਰੇ ਸੰਬੰਧਾਂ ਨੂੰ ਲੈ ਕੇ ਹੁੰਦੀ ਹੈ। ਉਹ ਆਪਣੇ ਇਸ ਦਰਦ ਨੂੰ ਆਪਣੀ ਸੱਸ ਅਤੇ ਆਪਣੇ ਭਰਾਵਾਂ ਕੋਲ ਖੋਲਦੀ ਹੈ। ਪਰ ਵਕੀਲ ਕਿਰਪਾ ਨਰਾਇਣ ਦੀ ਮਾਂ ਆਪਣੀ ਪਰੰਪਰਕ ਸੋਚ ਦੀ ਧਾਰਨੀ ਹੋਣ ਕਾਰਨ ਇਸ ਨੂੰ ਔਰਤ ਦੀ ਹੋਣੀ ਮੰਨਦਿਆਂ ਨਜ਼ਰ ਅੰਦਾਜ਼ ਕਰਨਾ ਹੀ ਸਹੀ ਸਮਝਦੀ ਹੈ। ਉਹ ਇਸ ਵਿਵਹਾਰ ਨੂੰ ਕਿਰਪਾ ਨਰਾਇਣ ਦੇ ਰੂਪ ਵਿਚ ਸਮੂਹ ਮਰਦ ਸਮਾਜ ਦੀ ਯਥਾਰਥਕਤਾ ਨੂੰ ਪੇਸ਼ ਕਰਦੀ ਹੈ। ਉਸ ਦੇ ਅਨੁਸਾਰ ਮਰਦ ਦੀ ਇਸ ਫ਼ਿਤਰਤ ਨੂੰ ਸਹਿਜ ਰੂਪ ਵਿਚ ਹੀ ਸਵੀਕਾਰ ਕਰ ਲੈਣਾ ਚਾਹੀਦਾ ਹੈ। ਉਹ ਕੁਟੰਬ ਪਿਆਰੀ ਨੂੰ ਸਥਾਪਤ ਸਮਾਜ ਦੀ ਹੋਣੀ ਦੱਸਦਿਆਂ ਆਪਣੇ ਦੁੱਖ ਸਾਂਝੇ ਕਰਦੀ ਕਹਿੰਦੀ ਹੈ:-

> *"ਇਹਨੂੰ ਢਕਿਆ ਹੀ ਰਹਿਣ ਦਿਓ ਬਹੂ ਜੀ। ਖ਼ਾਨਦਾਨਾਂ 'ਚ ਅਜਿਹੇ ਤੂਫ਼ਾਨ-ਭੂਚਾਲ ਤਾਂ ਉੱਠਦੇ ਹੀ ਰਹਿੰਦੇ ਨੇ।"*[9]

ਨਾਵਲ ਵਿਚਲੇ ਪਾਤਰ ਦੀ ਸੱਸ ਜਿੱਥੇ ਆਪਣੀ ਨੂੰਹ ਨੂੰ ਸਥਾਪਿਤ ਸਮਾਜ ਦੀਆਂ ਸਮਝੌਤਿਆਂ ਦਿੰਦੀ ਹੈ। ਉੱਥੇ ਮਰਦ ਪ੍ਰਧਾਨ ਸਮਾਜ ਦੀ ਇਸ ਆਦਤ ਪ੍ਰਤੀ ਵੀ ਸੋਬਤੀ ਨੇ ਗੱਲ ਕੀਤੀ। ਨਾਵਲ ਵਿਚਲਾ ਕਿਰਪਾ ਨਰਾਇਣ ਇਸ ਨੂੰ ਜਗੀਰੂ ਸਮਾਜ ਵਿਚ ਮਰਦ ਪ੍ਰਧਾਨਤਾ ਦੀ ਦਿਲਲਗੀ ਮੰਨਦਾ ਹੈ। ਇਸ ਸਮਾਜ ਵਿਚ ਉਹ ਅਜਿਹਾ ਕਰਨਾ ਆਪਣਾ ਜਨਮ ਸਿੱਧ ਅਧਿਕਾਰ ਦੱਸਦਾ ਹੈ।

> *"ਭਲਾ ਪੁੱਛੋ ਇਹਨਾਂ ਨੂੰ ਮਰਦ ਹੈ ਤਾਂ ਅਸੀਂ ਹੀ ਮਿਹਨਤ ਕਰਦੇ ਹਾਂ, ਕਮਾਉਂਦੇ ਹਾਂ। ਟੱਬਰ ਨੂੰ ਪਾਲਦੇ ਪੋਸਦੇ ਨੇ ਤਾਂ ਕਿ ਥੋੜ੍ਹੀ ਬਹੁਤ ਦਿਲੱਗੀ ਅਤੇ ਦਿਲ ਜੱਦੀ ਉੱਤੇ ਵੀ ਸਾਡਾ ਹੱਕ ਨਹੀਂ? ਇਕ ਮੇਰੀ ਘਰਵਾਲੀ ਹੈ ਪਤਾ ਨਹੀਂ ਕੀਹਦੇ ਕਹਿਣੇ 'ਚ ਆ ਕੇ ਏਦਾਂ ਬਿਲਕ ਰਹੀ ਹੈ ਜਿਵੇਂ ਅਸੀਂ ਕਿਤੇ ਉਹਦੀ ਗਰਦਨ 'ਤੇ ਖ਼ੰਜਰ ਰੱਖੀ ਬੈਠੇ ਹੋਈਏ।"*[10]

ਕ੍ਰਿਸ਼ਨਾ ਸੋਬਤੀ ਨੇ 'ਦਿਲੋਂ ਦਾਨਿਸ਼' ਨਾਵਲ ਵਿਚ ਸਮਾਜ ਦੀਆਂ ਪੁਰਾਤਨਤਾ ਤੋਂ ਚੱਲੀਆਂ ਆ ਰਹੀਆਂ ਰਹੁ-ਰੀਤਾਂ ਨੂੰ ਆਧਾਰ ਬਣਾ ਮਰਦ-ਪ੍ਰਧਾਨ ਸਮਾਜ ਦੀ ਮਾਨਸਿਕਤਾ ਨੂੰ 'ਜੋਰੂ' ਸਮਝਣ ਦੇ ਸੰਕਲਪ ਵਜੋਂ ਪ੍ਰਗਟਾਇਆ ਹੈ। ਇਕ ਪਾਸੇ ਕਿਰਪਾ ਨਰਾਇਣ ਮਹਿਕ ਬਾਨੋ ਨਾਲ ਆਪਣਾ ਰਿਸ਼ਤਾ ਨਜਾਇਜ਼ ਤੌਰ 'ਤੇ ਰੱਖਣਾ ਚਾਹੁੰਦਾ ਹੈ ਦੂਜੇ ਪਾਸੇ ਉਹ ਅਸਲ ਮਾਅਨੇ ਵਿਚ ਕੁਟੰਬ ਪਿਆਰੀ ਨੂੰ ਵੀ ਛੱਡਣਾ ਨਹੀਂ ਚਾਹੁੰਦਾ। ਪਤਨੀ ਅਤੇ ਪ੍ਰੇਮਿਕਾ ਦੇ ਇੱਥੇ ਦੋਨੋਂ ਰੂਪ ਜਗੀਰਦਾਰੀ ਸਮਾਜ ਦੀ ਬਲੀ ਚੜ੍ਹਦੇ ਪ੍ਰਤੀਤ ਹੁੰਦੇ ਹਨ। ਇੱਥੇ ਉਹ ਔਰਤ ਨਾਲ ਆਪਣੇ ਰਿਸ਼ਤੇ ਨੂੰ ਆਪਣੀ ਸੋਚ ਅਨੁਕੂਲ ਢਾਲਦਾ ਹੈ। ਆਮ

ਤੌਰ 'ਤੇ ਇਹ ਸਵੀਕਾਰ ਕੀਤਾ ਜਾਂਦਾ ਹੈ ਕਿ ਔਰਤ ਮਰਦ ਦੀ ਦਾਸੀ, ਪੈਰ ਦੀ ਜੁੱਤੀ ਹੈ ਅਤੇ ਔਰਤ ਨੂੰ ਇਸੇ ਅਧੀਨ ਜਿਊਂਣਾ ਪੈਂਦਾ ਹੈ। ਇਹੀ ਉਸਦੀ ਹੋਣੀ ਹੈ। ਇਸ ਲਈ ਮਹਿਕ ਬਾਨੋ ਵੀ ਇਸ ਪਰੰਪਰਾ ਅਧੀਨ ਹੀ ਰਹਿੰਦੀ ਹੈ ਤੇ ਕਿਰਪਾ ਨਰਾਇਣ ਨੂੰ ਕੋਈ ਸ਼ਿਕਾਇਤ ਨਹੀਂ ਕਰਦੀ। ਵਕੀਲ ਕਿਰਪਾ ਨਰਾਇਣ ਦੀ ਮਰਦ ਪ੍ਰਧਾਨ ਸਮਾਜ ਦੀ ਮਾਨਸਿਕਤਾ ਵਾਲੀ ਸੋਚ, ਪਰੰਪਰਕ ਕਦਰ-ਪ੍ਰਬੰਧ ਅਤੇ ਘਰ ਦੇ ਮਾਣ-ਸਨਮਾਨ ਨੂੰ ਧਿਆਨ ਵਿਚ ਰੱਖਦੇ ਹੋਏ ਆਪਣੀ ਹੀ ਬੇਟੀ ਮਾਸੂਮਾਂ ਨੂੰ ਗੋਦ ਲੈ ਕੇ ਉਸਦਾ ਵਿਆਹ ਕਰਦਾ ਹੈ। ਇਸ ਨਾਵਲ ਵਿਚ ਔਰਤ-ਮਰਦ ਸਾਰੇ ਪਾਤਰ ਪਰੰਪਰਾ ਕਦਰਾਂ-ਕੀਮਤਾਂ ਵਿਚ ਬੰਨ੍ਹੇ ਨਜ਼ਰ ਆਉਂਦੇ ਹਨ। ਕਿਉਂਕਿ ਉਹ ਪਰੰਪਰਾ ਦੀ ਉਲੰਘਣਾ ਕਰਕੇ ਜ਼ਿੰਦਗੀ ਦਾ ਕੋਈ ਨਵਾਂ ਮਾਡਲ ਸਿਰਜਣ ਤੋਂ ਅਸਮਰਥ ਜਾਪਦੇ ਹਨ। ਸਮਾਜਕ-ਸਭਿਆਚਾਰਕ ਕਦਰ-ਪ੍ਰਬੰਧ ਦੀ ਉਲੰਘਣਾ ਕਰ ਕੇ ਮਨੁੱਖ ਨੂੰ ਤਬਾਹੀ ਦਾ ਪ੍ਰਮਾਣ ਮਿਲਦਾ ਹੈ। ਕਿਰਪਾ ਨਰਾਇਣ ਆਪਣੀ ਮਰਦ-ਹਉਮੈਂ ਕਾਰਨ ਮਹਿਕ ਬਾਨੋ ਅੱਗੇ ਝੁਕਦਾ ਨਹੀਂ ਭਾਵੇਂ ਅਖੀਰ ਉਹ ਮਾਨਸਿਕ ਤੌਰ 'ਤੇ ਬੁਰੀ ਤਰ੍ਹਾਂ ਟੁੱਟ ਜਾਂਦਾ ਹੈ। ਮਹਿਕ ਬਾਨੋ ਕਮਜ਼ੋਰ ਔਰਤ ਬਣ ਕੇ ਉਸ ਕੋਲ ਨਹੀਂ ਰਹਿਣਾ ਚਾਹੁੰਦੀ ਤੇ ਛੱਡ ਕੇ ਚਲੀ ਜਾਂਦੀ ਹੈ। ਇਸੇ ਮਾਨਸਿਕ ਤ੍ਰਾਸਦੀ ਦੇ ਸ਼ਿਕਾਰ ਹੋਣ ਕਰਕੇ ਕਿਰਪਾ ਨਰਾਇਣ ਦੀ ਮੌਤ ਹੋ ਜਾਂਦੀ ਹੈ।

ਅੰਮ੍ਰਿਤਾ ਪ੍ਰੀਤਮ ਦਾ ਨਾਵਲ 'ਧਰਤੀ, ਸਾਗਰ ਤੇ ਸਿੱਪੀਆਂ' ਵਿਚ ਇਕਬਾਲ ਅਤੇ ਚੇਤਨਾ ਦੇ ਪ੍ਰੇਮ ਸਬੰਧਾਂ ਨੂੰ ਪੇਸ਼ ਕੀਤਾ ਗਿਆ ਹੈ। ਪਰ ਇਕਬਾਲ ਚੇਤਨਾ ਨੂੰ ਵਿਆਹ ਤੋਂ ਇਨਕਾਰ ਕਰ ਦਿੰਦਾ ਹੈ ਕਿਉਂਕਿ ਉਹ ਨਹੀਂ ਚਾਹੁੰਦਾ ਕਿ ਉਸਦੀ ਮਾਂ ਤੇ ਉਸ ਵਿਚਕਾਰ ਤੀਜੀ ਔਰਤ ਦੀ ਦਖ਼ਲ ਅੰਦਾਜ਼ੀ ਹੋਵੇ। ਪਰ ਚੇਤਨਾ ਉਸਦੀ ਮਜਬੂਰੀ ਸਮਝਦੀ ਹੋਈ ਕਹਿੰਦੀ ਹੈ ਕਿ ਉਹ ਉਸ ਨਾਲ ਵਿਆਹ ਨਹੀਂ ਕਰੇਗੀ। ਪਾਤਰਾਂ ਦੀ ਵਾਰਤਾਲਾਪ ਉਦਾਹਰਨ ਵਜੋਂ:

*"ਮੈਂ ਹੋਰ ਕੁਝ ਨਹੀਂ ਚਾਹੁੰਦੀ, ਸਿਰਫ਼ ਇਹ ਚਾਹੁੰਦੀ ਹਾਂ ਕਿ ਔਰਤ ਨੂੰ ਮਰਦ ਕੋਲੋਂ ਜਿਹੜਾ ਕੋਈ ਤਜਰਬਾ ਹੁੰਦਾ ਏ, ਜੇ ਕਦੀ ਪਹਿਲੀ ਵਾਰ ਉਸ ਮਰਦ ਕੋਲੋਂ ਹੋਵੇ ਜਿਹੜਾ ਗ਼ੈਰ ਨਾ ਜਾਪਦਾ ਹੋਵੇ...ਤੇ ਮੈਂ ਜ਼ਿੰਦਗੀ ਵਿਚ ਪਹਿਲੀ ਵਾਰ ਇਹ ਤਜਰਬਾ ਕਿਸੇ ਹੋਰ ਨਾਲ ਨਹੀਂ ਕਰ ਸਕਾਂਗੀ।"*[11]

ਇਸ ਨਾਵਲ ਦੀ ਪਾਤਰ ਚੇਤਨਾ ਸਮਾਜਕ-ਸਭਿਆਚਾਰਕ ਨੈਤਿਕ ਕਦਰਾਂ-ਕੀਮਤਾਂ ਦੀ ਉਲੰਘਣਾ ਕਰਕੇ ਸਮਾਜ ਅਤੇ ਆਪਣੀ ਮਾਣ ਮਰਿਆਦਾ ਦੀ ਪਰਵਾਹ ਕੀਤੇ ਬਿਨਾਂ ਹੀ ਦ੍ਰਿੜ੍ਹਤਾ ਦਿਖਾਉਂਦੀ ਹੋਈ ਅਣ-ਵਿਆਹੀ ਮਾਂ ਵਜੋਂ ਬੱਚੇ ਨੂੰ ਜਨਮ ਦਿੰਦੀ ਹੈ, ਪਰ ਦੂਜੇ ਪਾਸੇ ਚੇਤਨਾ ਆਪਣੀ ਮਾਂ ਅਤੇ ਭਰਾ ਦੀ ਮਦਦ ਨਾਲ ਆਪਣੇ ਹੀ ਬੱਚੇ ਨੂੰ ਆਸ਼ਰਮ ਵਿਚੋਂ ਕਾਨੂੰਨੀ ਤੌਰ ਤੇ ਗੋਦ ਲੈ ਲੈਂਦੀ ਹੈ। ਇਸ ਤਰ੍ਹਾਂ ਉਹ ਸਮਾਜਕ-ਸਭਿਆਚਾਰਕ ਕਦਰ-ਪ੍ਰਬੰਧ ਨੂੰ ਅਣਗੌਲਿਆ ਨਾ ਕਰਨ ਅਤੇ ਸਮਾਜ ਵਿਚ ਆਪਣੇ ਬੱਚੇ ਨੂੰ ਨਜਾਇਜ਼ ਔਲਾਦ ਦੇ ਡਰ ਤੋਂ ਬਚਾਉਣ ਲਈ ਕਰਦੀ ਹੈ। ਉਹ ਬੱਚੇ ਦੀ ਪਰਵਰਿਸ਼ ਸਮਾਜਕ ਮਾਣ-ਮਰਿਆਦਾ ਨੂੰ ਧਿਆਨ ਵਿਚ ਰੱਖਦਿਆਂ ਕਰਦੀ ਹੈ। ਕ੍ਰਿਸ਼ਨਾ ਸੋਬਤੀ ਦੇ ਨਾਵਲ 'ਦਿਲੋਂ ਦਾਨਿਸ਼' ਵਿਚ ਕਿਰਪਾ ਨਰਾਇਣ ਜਿਸ ਤਰ੍ਹਾਂ ਆਪਣੀ ਹੀ ਬੇਟੀ ਨੂੰ ਗੋਦ ਲੈਂਦਾ ਹੈ ਉਸੇ ਤਰ੍ਹਾਂ ਹੀ ਅੰਮ੍ਰਿਤਾ ਪ੍ਰੀਤਮ ਦੇ ਨਾਵਲ 'ਧਰਤੀ, ਸਾਗਰ ਤੇ ਸਿੱਪੀਆਂ' ਵਿਚ ਚੇਤਨਾ ਵੀ ਆਪਣੇ ਹੀ ਬੱਚੇ ਨੂੰ ਗੋਦ ਲੈਂਦੀ ਹੈ। ਇਹ ਸਭ ਇਸ ਗੱਲ ਦੀ ਪੁਸ਼ਟੀ ਕਰਦਾ ਹੈ ਕਿ ਸਾਡੇ ਸਮਾਜ ਵਿਚ ਸਮਾਜਕ-ਸਭਿਆਚਾਰਕ ਪ੍ਰਚਲਿਤ ਕਦਰਾਂ-ਕੀਮਤਾਂ ਦੀ ਉਲੰਘਣਾ ਕਰਕੇ ਵੀ ਸਮਾਜ ਦੀ ਪ੍ਰਵਾਨਗੀ ਦੇ ਅਧੀਨ ਹੀ ਜਿਊਂਣਾ ਪੈਂਦਾ ਹੈ। ਅੰਮ੍ਰਿਤਾ ਪ੍ਰੀਤਮ ਦਾ 'ਪਿੰਜਰ' ਨਾਵਲ 1947 ਵਿਚ ਹਿੰਦ-ਪਾਕਿ ਵਿਚਕਾਰ ਹੋਈ ਵੰਡ ਦੇ ਇਤਿਹਾਸ ਨੂੰ ਪ੍ਰਗਟਾਉਂਦਾ ਹੈ। ਇਸ ਨਾਵਲ ਵਿਚ ਅੰਮ੍ਰਿਤਾ ਪ੍ਰੀਤਮ ਨੇ ਔਰਤ ਦੀ ਉਸ ਦਸ਼ਾ ਨੂੰ ਬਿਆਨਿਆਂ ਹੈ ਕਿ ਕਿਸ ਤਰ੍ਹਾਂ ਉਨ੍ਹਾਂ ਨੂੰ ਹਾਲਾਤ ਦੀ ਭੇਂਟ ਚੜ੍ਹਨਾ ਪੈਂਦਾ ਹੈ। ਨਾਵਲ ਦੀ ਪਾਤਰ 'ਪੂਰੋ' ਜਿਸ ਨੂੰ ਖ਼ਾਨਦਾਨੀ ਰੰਜਸ਼ ਦਾ ਭੁਗਤਾਨ ਕਰਨਾ ਪਿਆ। ਇਸ ਰੰਜਸ਼ ਕਾਰਨ 'ਪੂਰੋ' ਨੂੰ ਆਪਣਾ ਵਜੂਦ ਹੀ ਬਦਲਣਾ ਪੈਂਦਾ ਹੈ। ਇਸ ਨਾਵਲ ਦੀ ਪਾਤਰ ਪੂਰੋ ਆਪਣੇ ਮੰਗੇਤਰ ਨਾਲ ਵਿਆਹੇ ਜਾਣ ਤੋਂ ਕੁਝ ਦਿਨ ਪਹਿਲਾਂ ਹੀ ਰਸ਼ੀਦਾ ਉਸਨੂੰ ਜ਼ਬਰਦਸਤੀ ਚੁੱਕ ਲਿਆਉਂਦਾ ਹੈ। ਅਜਿਹੀ ਹਾਲਤ ਵਿਚ ਪੂਰੋ ਬਹੁਤ ਉਦਾਸ ਅਤੇ ਦੁਖੀ ਹੁੰਦੀ ਹੋਈ ਰਸ਼ੀਦੇ ਨੂੰ ਉਸ ਦੇ ਕੀਤੇ ਕੁਕਰਮ ਉੱਤੇ ਲਾਅਨਤਾਂ ਪਾਉਂਦੀ ਹੈ। ਰਸ਼ੀਦ ਆਪਣੇ ਇਸ ਕਾਰੇ ਕਾਰਨ ਜਿੱਥੇ ਬਹੁਤ ਸ਼ਰਮਸਾਰ ਹੁੰਦਾ ਹੈ, ਉੱਥੇ ਉਹ ਆਪਣੀ ਮਜਬੂਰੀ ਵੀ ਜ਼ਾਹਰ ਕਰਦਾ ਹੈ ਕਿ ਉਸ ਦੇ ਵੱਡੇ-ਵਡੇਰਿਆਂ ਨੇ, ਜੋ ਕਿ ਮੁਸਲਮਾਨ ਸਨ, ਪੂਰੋ ਦੇ ਵੱਡੇ-ਵਡੇਰਿਆਂ, ਜੋ ਕਿ ਹਿੰਦੂ ਸਨ, ਉਹਨਾਂ ਦਾ ਸ਼ੁਰੂ ਤੋਂ ਵੈਰ ਚਲਿਆ ਆਉਂਦਾ ਹੈ। ਵੈਰ ਦਾ ਕਾਰਨ ਰਸ਼ੀਦੇ ਦੇ ਵੱਡੇ-ਵਡੇਰਿਆਂ ਦੀ ਪੂਰੋ ਦੇ ਵੱਡੇ-ਵਡੇਰਿਆਂ ਦੁਆਰਾ ਕੀਤੀ ਆਰਥਿਕ ਲੁੱਟ ਹੀ ਨਹੀਂ, ਸਗੋਂ ਰਸ਼ੀਦੇ ਦੀ ਭੂਆ ਨੂੰ ਪੂਰੋ ਦੇ ਤਾਏ ਨੇ ਉਧਾਲ਼ਿਆ ਸੀ। ਇਸੇ ਬਦਲੇ ਨੂੰ ਲੈਣ ਲਈ ਰਸ਼ੀਦੇ ਨੂੰ ਮਜਬੂਰ ਕੀਤਾ ਗਿਆ। ਰਸ਼ੀਦਾ ਇਸ ਪੂਰੇ ਵਾਕਿਆ ਵਿਚ ਆਪਣੀ ਬੇਗੁਨਾਹੀ ਸਾਬਤ ਕਰਦਾ ਪੂਰੋ ਨੂੰ ਲਾਚਾਰੀ ਨਾਲ ਦੱਸਦਾ ਹੈ।

*"ਹੁਣ ਜਦੋਂ ਤੇਰਾ ਕਾਜ ਏਸੇ ਹੀ ਪਿੰਡ ਵਿਚ ਰਚੀਣ ਲੱਗਾ, ਮੇਰੇ ਚਾਚਿਆਂ ਤਾਇਆਂ ਦੇ ਲਹੂ ਵਿਚ ਪੁਰਾਣਾ ਬਦਲਾ ਖੋਲ੍ਹ ਪਿਆ। ਉਨ੍ਹਾਂ ਨੇ ਮੈਨੂੰ ਕਸਮਾਂ ਪੁਆਈਆਂ, ਮੇਰੇ ਲਹੂ ਨੂੰ ਵੰਗਾਰਿਆਂ ਤੇ ਮੈਥੋਂ ਕੌਲ ਕਰਾਇਓ ਨੇ ਕਿ ਸ਼ਾਹਾਂ ਦੀ ਵਿਆਹ ਤੋਂ ਉਰੇ-ਉਰੇ ਕਿਸੇ ਵੀ ਦਿਨ ਤੂੰ ਚੁੱਕ ਖੜੇਗਾ... ਇਕ ਮੇਰੀ ਮੁਹੱਬਤ ਦਾ ਜ਼ੋਰ, ਦੂਸਰਾ ਮੇਰੀ ਪਿੱਠ ਉੱਤੇ ਸਾਰਾ ਸ਼ੇਖ਼ ਘਰਾਣਾ, ਮੈਂ ਤੈਨੂੰ ਲੈ ਆਇਆ ਹਾਂ...।"*[12]

ਦੋ ਪਰਿਵਾਰਾਂ ਵਿਚ ਪਈ ਦੁਸ਼ਮਣੀ ਹਿੰਦੂ ਸ਼ਾਹ ਪਰਿਵਾਰ ਅਤੇ

ਮੁਸਲਿਮ ਸ਼ੇਖ਼ ਪਰਿਵਾਰ ਦੇ ਕਾਰਨ ਔਰਤ ਨੂੰ ਸਭ ਤੋਂ ਵੱਧ ਹਾਲਾਤ ਦਾ ਸਾਹਮਣਾ ਕਰਨਾ ਪੈਂਦਾ ਹੈ। ਔਰਤ 'ਤੇ ਸਭ ਤੋਂ ਵੱਧ ਜ਼ੁਲਮ, ਜ਼ੋਰ-ਜਬਰੀ ਅਤੇ ਸੰਤਾਪ ਦਾ ਸ਼ਿਕਾਰ ਉਹ ਹੀ ਬਣਦੀ ਹੈ। 1947 ਦੀ ਵੰਡ ਤੋਂ ਪਹਿਲਾਂ ਦਾ ਸਮਾਂ ਸਾਮੰਤਵਾਦ ਦਾ ਸੀ। ਉਸੇ ਸਮੇਂ ਨਿੱਜੀ ਜਾਇਦਾਦ ਹੀ ਮੁੱਖ ਆਧਾਰ ਹੁੰਦੀ ਸੀ। ਜਾਇਦਾਦ ਦੇ ਝਗੜਿਆਂ ਕਾਰਨ ਦੋ ਪਰਿਵਾਰ ਇਕ-ਦੂਜੇ ਦੀਆਂ ਧੀਆਂ-ਭੈਣਾਂ ਨਾਲ ਕੁਕਰਮ ਕਰਨ ਤੋਂ ਪਿੱਛੇ ਨਹੀਂ ਹੱਟਦੇ। ਜੇਕਰ ਇਕ ਪਰਿਵਾਰ ਕੋਈ ਕਰੂਰ ਹਰਕਤ ਕਰਦਾ ਹੈ ਤਾਂ ਦੂਜੇ ਪਰਿਵਾਰ ਵਿਚ ਬਦਲਾ ਲੈਣ ਦੀ ਭਾਵਨਾ ਉਸ ਦੇ ਮਾਨਸਿਕਤਾ ਵਿਚ ਪਈ ਰਹਿੰਦੀ ਹੈ। ਸਾਡੇ ਸਮਾਜ ਦੀਆਂ ਪਰੰਪਰਕ ਕਦਰਾਂ-ਕੀਮਤਾਂ ਇਹੋ ਜਿਹੀਆਂ ਬਣਾਈਆਂ ਗਈਆਂ ਹਨ ਕਿ ਉਹ ਪੀੜ੍ਹੀਆਂ ਤੱਕ ਜਾਰੀ ਰਹਿੰਦੀਆਂ ਹਨ। ਇਸ ਰੰਜਸ਼ ਜੋ ਕਿ ਵਡੇਰਿਆਂ ਤੋਂ ਚਲਦੀ ਆ ਰਹੀ ਸੀ। ਰਸ਼ੀਦ ਪਿਛਲਾ ਬਦਲਾ ਲੈਣ ਲਈ ਸ਼ਾਹਾਂ ਦੀ ਧੀ ਪੂਰੋ ਨੂੰ ਉਧਾਲ ਲਿਆਉਂਦਾ ਹੈ ਅਤੇ ਇਸ ਪਿੱਛੋਂ ਪੂਰੋ ਨੂੰ ਅਗਵਾ ਕੀਤੇ ਦਾ ਬਦਲਾ ਪੂਰੋ ਦਾ ਭਰਾ ਵੱਡਾ ਹੋ ਕੇ ਰਸ਼ੀਦੇ ਦੀ ਖੜ੍ਹੀ ਕਣਕ ਦੀ ਫ਼ਸਲ ਨੂੰ ਅੱਗ ਲਗਾ ਕੇ ਪੂਰਾ ਕਰਦਾ ਹੈ। ਸਾਡੇ ਮੱਧਵਰਗੀ ਸਮਾਜਕ-ਸਭਿਆਚਾਰਕ ਢਾਂਚੇ ਵਿਚ ਬਦਲਾ ਅਤੇ ਰੰਜਸ਼ ਦੀ ਪ੍ਰਵਿਰਤੀ ਮੁੱਢ ਤੋਂ ਹੀ ਚਲਦੀ ਆ ਰਹੀ ਹੈ। ਇਸੇ ਪ੍ਰਵਿਰਤੀ ਦਾ ਮੁੱਲ ਪੂਰੋ ਨੂੰ ਆਪਣੇ ਉਧਾਲੇ ਦੇ ਰੂਪ ਵਿਚ ਚੁਕਾਣਾ ਪੈਂਦਾ ਹੈ। ਇੱਥੇ ਸਮਾਜਕ ਕੀਮਤ ਦਾ ਇਕ ਸੱਚ ਔਰਤ ਨੂੰ ਇੱਜ਼ਤ ਦੇ ਪ੍ਰਸੰਗ ਵਿਚ ਜੋੜਿਆ ਜਾਂਦਾ ਹੈ। ਜਿਸ ਦਾ ਭਾਵ ਕਿ ਇਕ ਵਾਰ ਉਧਾਲ਼ੀ ਗਈ ਔਰਤ ਨੂੰ ਉਸਦਾ ਸੰਬੰਧਿਤ ਸਮਾਜ ਸਵੀਕਾਰ ਨਹੀਂ ਕਰਦਾ। ਇਸ ਨਾਵਲ ਦੀ ਨਾਇਕਾ ਪੂਰੋ ਇਸੇ ਤ੍ਰਾਸਜਨਕ ਸਥਿਤੀ ਦੀ ਭਾਗੀਦਾਰ ਬਣਦੀ ਹੈ। ਇਸੇ ਲਈ ਪੂਰੋ ਜਦੋਂ ਰਸ਼ੀਦੇ ਦੇ ਘਰੋਂ ਚੋਰੀ ਨੱਸ ਕੇ ਦੁਬਾਰਾ ਘਰ ਵਾਪਸ ਜਾਂਦੀ ਹੈ ਤਾਂ ਉਸ ਦੇ ਘਰਦੇ ਅਪਣਾਉਣ ਤੋਂ ਇਨਕਾਰ ਕਰ ਦਿੰਦੇ ਹਨ। ਪੂਰੋ ਦੀ ਮਾਂ ਸਮਾਜਕ ਕੀਮਤਾਂ ਨੂੰ ਧਿਆਨ ਵਿਚ ਰੱਖਦੀ ਹੋਈ ਉਸਨੂੰ ਰਸ਼ੀਦੇ ਦੇ ਘਰ ਹੀ ਵਾਪਸ ਜਾਣ ਲਈ ਕਹਿੰਦੀ ਹੈ।

> *"ਅਸੀਂ ਤੈਨੂੰ ਕਿੱਥੇ ਰੱਖੇਗਾ? ਕੌਣ ਤੈਨੂੰ ਵਿਆਹ ਕੇ ਖੜੇਗਾ? ਤੇਰਾ ਧਰਮਗਿਆ, ਤੇਰਾ ਜਨਮ ਗਿਆ, ਅਸੀਂ ਜੇ ਵਿਰਕੀਏ ਤਾਂ ਇੱਥੇ ਲਹੂ ਦੀ ਛਿੱਟ ਵੀ ਨਹੀਂ ਲੱਭਣੀ।"[13]*

ਇਸੇ ਲਈ ਪੂਰੋ ਨੂੰ ਵਾਪਸ ਰਸ਼ੀਦ ਦੇ ਘਰ ਆਉਣਾ ਪੈਂਦਾ ਹੈ। ਜਿੱਥੇ ਉਹ ਆਪਣੇ ਹਾਲਤਾਂ ਨੂੰ ਸਵੀਕਾਰਦੀ ਹੋਈ ਰਸ਼ੀਦੇ ਨਾਲ ਨਿਕਾਹ ਪੜ੍ਹਾ ਕੇ ਧਰਮ ਦੀ ਤਬਦੀਲੀ ਲਈ ਮਜਬੂਰ ਹੁੰਦੀ ਹੈ।

ਉਪਰੋਕਤ ਨਾਵਲ ਦੇ ਸੰਦਰਭ ਵਿਚ ਕ੍ਰਿਸ਼ਨਾ ਸੋਬਤੀ ਦੇ ਨਾਵਲ 'ਡਾਰ ਸੇ ਬਿਛੁੜੀ' ਨੂੰ ਰੱਖਿਆ ਜਾ ਸਕਦਾ ਹੈ। ਇਸ ਨਾਵਲ ਦਾ ਵਿਸ਼ਾ ਉੱਨ੍ਹੀਵੀਂ ਸਦੀ ਦੇ ਅੰਤਲੇ ਦਹਾਕੇ ਵਿਚ ਹੋਏ ਸਿੱਖਾਂ ਅਤੇ ਫ਼ਰੰਗੀਆਂ ਦੇ ਟਾਕਰੇ ਦੁਆਲੇ ਘੁੰਮਦਾ ਹੈ। ਨਾਵਲ ਵਿਚਲੀ ਨਾਇਕਾ 'ਪਾਸ਼ੋ' ਆਪਣੇ ਅਣਕੀਤੇ ਗੁਨਾਹਾਂ ਦੀ ਸਜ਼ਾ ਭੁਗਤਣ ਅਤੇ ਤ੍ਰਾਸਦਿਕ ਜੀਵਨ ਹੰਢਾਉਣ ਲਈ ਮਜਬੂਰ ਦਿਖਾਈ ਦਿੰਦੀ ਹੈ। ਕ੍ਰਿਸ਼ਨਾ ਸੋਬਤੀ ਨੇ 'ਪਾਸ਼ੋ' ਦੇ ਰਾਹੀਂ ਅਜਿਹੀ ਔਰਤ ਦੇ ਜੀਵਨ ਚਰਿੱਤਰ ਨੂੰ ਚਿਤਰਿਆ ਹੈ ਜਿਸਦੀ ਮਾਂ ਦਾ ਚਰਿੱਤਰਹੀਣ ਹੋਣਾ ਉਸਦੀਆਂ ਸਮੱਸਿਆਵਾਂ ਦਾ ਮੁੱਖ ਆਧਾਰ ਬਣਦਾ ਹੈ। ਪਾਸ਼ੋ ਦੀ ਮਾਂ ਸਮਾਜਕ ਕੀਮਤਾਂ ਦੀ ਅਵਹੇਲਨਾ ਕਰਦੀ ਹੋਈ ਮਨਆਈਆਂ ਕਰਨ 'ਤੇ ਉੱਤਰ ਆਉਂਦੀ ਹੈ। ਜਿਸ ਕਾਰਨ ਉਹ ਸਮਾਜ-ਧਰਮ ਦੀ ਪਰਵਾਹ ਕੀਤੇ ਬਿਨਾਂ ਸ਼ੇਖ਼ਾਂ ਦੇ ਘਰ ਪ੍ਰੇਮੀ ਨਾਲ ਜਾ ਵੱਸਦੀ ਹੈ। ਜਿਸ ਕਾਰਨ ਪਾਸ਼ੋ ਦੇ ਨਾਨਕੇ ਪਰਿਵਾਰ ਵਾਲੇ ਮਾਮੇ, ਮਾਮੀਆਂ ਸਮਾਜਕ ਕੀਮਤਾਂ ਦੇ ਅਨੁਕੂਲ ਚੱਲਦੇ ਹੋਏ ਪਾਸ਼ੋ ਨਾਲ ਸਖ਼ਤੀ ਕਰਦੇ ਦਿਖਾਈ ਦਿੰਦੇ ਹਨ। ਪਾਸ਼ੋ ਦਾ ਕਿਸੇ ਲੜਕੇ ਵਿਚ ਦਿਲਚਸਪੀ ਰੱਖਣਾ ਜਾਂ ਕਿਸੇ ਲੜਕੇ ਦਾ ਪਾਸ਼ੋ ਬਾਰੇ ਭੱਦਾ ਫ਼ਿਕਰਾ ਉਸ ਦੇ ਨਾਨਕੇ ਪਰਿਵਾਰ ਨੂੰ ਐਨਾ ਤਲਖ਼ ਕਰ ਦਿੰਦਾ ਹੈ ਕਿ ਉਹ ਉਸਨੂੰ ਕੁੱਟ ਮਾਰ ਹੀ ਨਹੀਂ ਕਰਦੇ ਸਗੋਂ ਜਾਨੋਂ ਮਾਰਨ ਦੀ ਕੋਝੀ ਸਕੀਮ ਵੀ ਸੋਚਣ ਲਈ ਮਜਬੂਰ ਹੋ ਜਾਂਦੇ ਹਨ। ਇਸ ਡਰ ਨਾਲ ਪਾਸ਼ੋ ਘਰੋਂ ਭੱਜ ਕੇ ਸ਼ੇਖ਼ਾਂ ਦੇ ਘਰ ਆਪਣੀ ਮਾਂ ਕੋਲ ਜਾ ਪਹੁੰਚਦੀ ਹੈ। ਉੱਥੋਂ ਉਸਨੂੰ ਬੁੱਢੇ ਦੀਵਾਨ ਦੀ ਪਤਨੀ ਬਣਨਾ ਪ੍ਰਵਾਨ ਕਰਨਾ ਪੈਂਦਾ ਹੈ ਤੇ ਉਸਦਾ ਨਾਮ ਬਦਲ ਕੇ ਮਾਲਣ ਰੱਖ ਦਿੱਤਾ ਜਾਂਦਾ ਹੈ। ਬੁੱਢੇ ਦੀਵਾਨ ਦੀ ਮੌਤ ਹੋ ਜਾਣ ਬਾਅਦ ਪਾਸ਼ੋ ਨੂੰ ਵੇਚਿਆ ਜਾਂਦਾ ਹੈ। ਸਿੱਖਾਂ ਤੇ ਫ਼ਰੰਗੀਆਂ ਦਾ ਯੁੱਧ ਛਿੜ ਜਾਣ ਕਾਰਨ ਉਹ ਆਪਣਾ ਕਿਤੇ ਵੀ ਪੈਰ ਨਹੀਂ ਜਮ੍ਹਾਂ ਸਕਦੀ। ਨਾਵਲ ਦੇ ਆਖੀਰ ਵਿਚ ਜਦ ਉਹ ਘਰ ਪਰਤਦੀ ਹੈ ਤਾਂ ਉਸਦਾ ਸਭ ਕੁਝ ਲੁੱਟ ਚੁੱਕਿਆ ਹੁੰਦਾ ਹੈ। ਪਾਸ਼ੋ ਦਾ ਮਾਨ, ਸਨਮਾਨ, ਸੁੱਖ ਸੁਹਾਗ ਇੱਥੋਂ ਤੱਕ ਕਿ ਉਸਦਾ ਬੱਚਾ ਵੀ ਉਸ ਹੱਥੋਂ ਚਲਾ ਜਾਂਦਾ ਹੈ। ਕ੍ਰਿਸ਼ਨਾ ਸੋਬਤੀ ਨੇ ਪਾਸ਼ੋ ਦੀ ਕਥਾ ਨੂੰ ਸਜੀਵ ਰੂਪ ਵਿਚ ਚਿਤਰਿਆਂ ਹੈ ਅਤੇ ਇਹ ਧਾਰਨਾ ਦ੍ਰਿੜ੍ਹ ਕਰਵਾਉਣ ਦਾ ਯਤਨ ਕੀਤਾ ਹੈ ਕਿ ਪਰੰਪਰਕ ਸਮਾਜਕ-ਸਭਿਆਚਾਰਕ ਕਦਰ-ਪ੍ਰਬੰਧ ਦੇ ਅਨੁਸਾਰ ਜਿਊਣ ਵਾਲੀ ਔਰਤ ਹੀ ਇੱਜ਼ਤ, ਮਾਣ-ਸਨਮਾਨ ਦੇ ਹੱਕਦਾਰ ਹੋ ਸਕਦੀ ਹੈ। ਪਰੰਪਰਕ ਕੀਮਤਾਂ ਦੀ ਉਲੰਘਣਾ ਕਰਨ ਤੇ ਉਸਦਾ ਹਾਲ ਪਾਸ਼ੋ ਵਾਲਾ ਹੋਣਾ ਲਾਜ਼ਮੀ ਹੈ। ਪਾਸ਼ੋ ਨੂੰ ਆਪਣੀ ਮਾਂ ਦੇ ਕੀਤੇ ਗੁਨਾਹਾਂ ਦੀ ਸਜ਼ਾ ਭੁਗਤਣੀ ਪੈਂਦੀ ਹੈ। ਉਸਦਾ ਕਸੂਰ ਸਿਰਫ਼ ਐਨਾ ਹੀ ਹੈ ਕਿ ਉਹ ਇਕ ਇਹੋ ਜਿਹੀ ਔਰਤ ਦੀ ਧੀ ਹੈ ਜਿਸ ਨੇ ਸਮਾਜਕ-ਸਭਿਆਚਾਰਕ ਕਦਰਾਂ-ਕੀਮਤਾਂ ਨੂੰ ਉਲੰਘ ਕੇ ਆਪਣੀ ਮਰਜ਼ੀ ਅਨੁਸਾਰ ਜਿਊਣ ਦਾ ਉਪਰਾਲਾ ਕੀਤਾ ਸੀ। ਆਪਣੀ ਇਸ ਮਰਜ਼ੀ ਦੀ ਕੀਮਤ ਉਹ ਆਪ ਨਹੀਂ ਚੁਕਾਉਂਦੀ ਸਗੋਂ ਉਸਦੀ ਧੀ ਪਾਸ਼ੋ ਨੂੰ ਚੁਕਾਉਣੀ ਪੈਂਦੀ ਹੈ। ਪਾਸ਼ੋ ਕਿਤੇ ਮਾਲਣ, ਭਾਗਭਰੀ, ਦਰੋਪਤੀ ਅਤੇ ਨਿਵੇਲੀ ਦੇ

ਰੂਪ ਵਿਚ ਲਗਾਤਾਰ ਪੁਰਸ਼ ਦੀ ਹਵਸ ਦਾ ਸ਼ਿਕਾਰ ਹੁੰਦੀ ਹੋਈ ਪਰਿਸਥਿਤੀਆਂ ਦਾ ਸਾਹਮਣਾ ਕਰਦੀ ਹੈ।

ਸਾਡੇ ਸਮਾਜ ਵਿਚ ਔਰਤ ਦੀ ਸਥਿਤੀ ਹੀ ਇਹੋ ਜਿਹੀ ਹੈ ਕਿ ਉਸਨੂੰ ਆਪਣੇ ਅਣਕੀਤੇ ਗੁਨਾਹਾਂ ਦੀ ਵੀ ਸਜ਼ਾ ਭੁਗਤਣੀ ਪੈਂਦੀ ਹੈ ਆਪਣੇ ਇਹਨਾਂ ਹਾਲਾਤ ਪ੍ਰਤਿ ਚੇਤਨ ਔਰਤਾਂ ਵੀ ਇਸ ਨੂੰ ਆਪਣੀ ਹੋਣੀ ਜਾਂ ਕਿਸਮਤ ਆਖ ਕੇ ਸਵੀਕਾਰਨ ਲਈ ਮਜਬੂਰ ਹੋ ਜਾਂਦੀਆਂ ਹਨ। ਪਾਸ਼ੋ ਦੀ ਤਰ੍ਹਾਂ ਹੀ ਅੰਮ੍ਰਿਤਾ ਪ੍ਰੀਤਮ ਦੇ ਨਾਵਲ 'ਪਿੰਜਰ' ਦੀ ਨਾਇਕਾ ਪੂਰੋ ਵੀ ਅਣਕੀਤੇ ਗੁਨਾਹਾਂ ਦੀ ਸਜ਼ਾ ਭੁਗਤਦੀ ਹੈ। ਸਮਾਜ ਨੇ ਔਰਤ ਲਈ ਕੁਝ ਅਜਿਹੇ ਮਾਪ-ਦੰਡ ਮਿਥੇ ਹੋਏ ਹਨ ਕਿ ਉਨ੍ਹਾਂ ਨੂੰ ਸਮਾਜ ਵਿਚ ਰਹਿੰਦਿਆਂ ਹੋਇਆ ਸਵੀਕਾਰਨ ਤੋਂ ਇਲਾਵਾ ਹੋਰ ਕੋਈ ਚਾਰਾ ਨਹੀਂ ਹੁੰਦਾ ਹੈ। ਇਸੇ ਲਈ ਹੀ ਪੂਰੋ ਅਤੇ ਪਾਸ਼ੋ ਵਰਗੀਆਂ ਔਰਤਾਂ ਜੋ ਹਾਲਾਤ ਦਾ ਸ਼ਿਕਾਰ ਤਾਂ ਹੁੰਦੀਆਂ ਹੀ ਹਨ। ਮਰਦ-ਪ੍ਰਧਾਨ ਸਮਾਜ ਵਿਚ ਸ਼ੁਰੂ ਤੋਂ ਹੀ ਸਮਾਜਕ ਕਾਇਦੇ ਕਾਨੂੰਨਾਂ ਦੀਆਂ ਵਲਗਣਾਂ ਵਿਚ ਘਿਰੀ ਔਰਤ ਨੇ ਗੁਲਾਮੀ ਦੀਆਂ ਜ਼ੰਜੀਰਾ ਵਿਚ ਘਿਰੀ ਔਰਤ ਨੇ ਗੁਲਾਮੀ ਦੀਆਂ ਜ਼ੰਜੀਰਾਂ ਅਤੇ ਜਗੀਰੂ ਮਾਨਸਿਕਤਾ ਅਧੀਨ ਪਾਏ ਗਏ ਦਬਾਵਾਂ ਨੂੰ ਆਪਣੀ ਹੋਣੀ ਸਮਝ ਕੇ ਸਵੀਕਾਰ ਕੀਤਾ ਹੈ। 'ਪਿੰਜਰ' ਅਤੇ 'ਡਾਰ ਸੇ ਬਿਛੁੜੀ' ਦੋਵੇਂ ਨਾਵਲ ਹੀ ਇਤਿਹਾਸਕ ਘਟਨਾ ਦੇ ਦ੍ਰਿਸ਼ ਨੂੰ ਦਰਸਾਉਂਦੇ ਹਨ। ਦੋਵੇਂ ਨਾਵਲਾਂ ਵਿਚ ਹੀ ਔਰਤ ਨੂੰ ਹਵਸ ਦਾ ਸ਼ਿਕਾਰ ਬਣਾਇਆ ਜਾਂਦਾ ਹੈ। ਦੋਨੋਂ ਨਾਇਕਾਵਾਂ 'ਪੂਰੋ' ਅਤੇ 'ਪਾਸ਼ੋ' ਦੇ ਹਾਲਾਤ ਅਨੁਸਾਰ ਨਾਮ, ਧਰਮ ਸਭ ਬਦਲੇ ਜਾਂਦੇ ਹਨ। ਅੰਮ੍ਰਿਤਾ ਪ੍ਰੀਤਮ ਤੇ ਕ੍ਰਿਸ਼ਨਾ ਸੋਬਤੀ ਦੋਨੋਂ ਹੀ ਨਾਵਲਕਾਰ ਮੱਧਵਰਗ ਨਾਲ ਸੰਬੰਧ ਰੱਖਦੀਆਂ ਹਨ। ਦੋਨਾਂ ਨੇ ਔਰਤ ਨੂੰ ਮਰਦ ਪ੍ਰਧਾਨ ਸਮਾਜ ਵਿਚ ਪੈਦਾ ਹੋਈ ਨਾਰੀ-ਚੇਤਨਾ ਨੂੰ ਇਕ ਨਵੇਂ ਧਰਾਤਲ ਤੇ ਨਵੇਂ ਦ੍ਰਿਸ਼ਟੀਕੋਣ ਤੋਂ ਸਮਝਣ ਦੀ ਕੋਸ਼ਿਸ਼ਾਂ ਕੀਤੀ ਹੈ। ਇਨ੍ਹਾਂ ਨਾਵਲਕਾਰਾਂ ਨੇ ਔਰਤ ਮਨ ਦੀਆਂ ਅਨੇਕ ਨਵੀਂਆਂ ਪਰਤਾਂ ਉਜਾਗਰ ਕੀਤੀਆਂ ਜੋ ਕਿ ਨਾ ਔਰਤ ਪੱਖੀ ਹਨ ਤੇ ਨਾ ਮਰਦ ਵਿਰੋਧੀ ਸਗੋਂ ਇਨ੍ਹਾਂ ਨੇ ਜ਼ਿੰਦਗੀ ਦੇ ਸੰਤੁਲਿਤ ਯਥਾਰਥਕ ਧਰਾਤਲ 'ਤੇ ਉੱਸਰਿਆ ਨਵਾਂ ਧਰਾਤਲ ਪ੍ਰਗਟਾਇਆ ਹੈ। ਇਨ੍ਹਾਂ ਦੇ ਨਾਵਲਾਂ ਰਾਹੀਂ ਇਸਤਰੀ ਜੀਵਨ ਦਾ ਯਥਾਰਥ ਦਿਖਾਈ ਦਿੰਦਾ ਹੈ। ਅਜੋਕੇ ਦੌਰ ਵਿਚ ਇਨ੍ਹਾਂ ਨਾਵਲਕਾਰਾਂ ਦੀ ਸਾਰਥਕਤਾ ਬਰਕਰਾਰ ਹੈ। ਉਪਰੋਕਤ ਨਾਵਲੀ ਵਿਚਾਰ ਚਰਚਾ ਉਪਰੰਤ ਇਹ ਸਪਸ਼ਟ ਹੁੰਦਾ ਹੈ ਕਿ ਔਰਤ ਲੇਖਕ ਦਾ ਅਨੁਭਵ ਵੱਖਰਾ ਹੈ ਤੇ ਉਸਦਾ ਵਸਤੂਗਤ ਯਥਾਰਥ ਵੀ ਵੱਖਰੇ ਮਾਪਦੰਡਾਂ ਨੂੰ ਧਿਆਨਗੋਚਰੇ ਕਰਦਾ ਹੈ।

ਅੰਮ੍ਰਿਤਾ ਪ੍ਰੀਤਮ ਦੇ ਇੱਥੇ ਭਾਵੇਂ ਅਸੀਂ ਤਿੰਨ ਨਾਵਲਾਂ ਨੂੰ ਲੈ ਕੇ ਗੱਲ ਕੀਤੀ ਹੈ, ਪਰ ਉਸਦੀਆਂ ਬਾਕੀ ਲਿਖਤਾਂ ਵੀ ਨਾਰੀਵਾਦੀ ਦ੍ਰਿਸ਼ਟੀਕੋਣ ਪ੍ਰਤਿਰੋਧ ਦੀ ਪੇਸ਼ਕਾਰੀ ਕਰਦੀਆਂ ਹਨ। ਇੱਥੇ ਅਸੀਂ ਜੇ ਦੇਖੀਏ ਤਾਂ ਕਹਿ ਸਕਦੇ ਹਾਂ ਕਿ ਉਹ ਸਮਾਜ ਅਤੇ ਸਮਾਜਕ ਕਦਰਾਂ-ਕੀਮਤਾਂ ਨਾਲੋਂ ਵਿਅਕਤੀ ਅਤੇ ਵਿਅਕਤੀ ਦੀਆਂ ਇੱਛਾਵਾਂ ਅਤੇ ਲੋੜਾਂ ਨੂੰ ਪਹਿਲ ਦਿੰਦੀ ਹੈ। ਉਸਦੀ ਇਸੇ ਜੀਵਨ ਸੋਚ ਸਦਕਾ ਉਸ ਦੇ ਨਾਵਲਾਂ ਦੇ ਪਾਤਰ ਬੇਪਰਵਾਹ ਅਤੇ ਨਿਡਰ ਹੋ ਕੇ ਮਨ ਇੱਛਿਤ ਫ਼ੈਸਲੇ ਕਰਦੇ ਹਨ। ਉਹਨਾਂ ਦੀ ਇਹ ਮਰਜ਼ੀ ਹੀ ਤ੍ਰਾਸਦਿਕ ਦ੍ਰਿਸ਼ਟੀ ਉਪਜਾਉਂਦੀ ਹੈ। ਅੰਮ੍ਰਿਤਾ ਪ੍ਰੀਤਮ ਅਰਧ ਜਗੀਰੂ ਅਤੇ ਅਰਧ ਪੂੰਜੀਵਾਦੀ ਸਮਾਜ ਦੀ ਨਾਵਲਕਾਰ ਹੈ ਪਰ ਦੂਸਰੇ ਸ਼ਬਦਾਂ ਵਿਚ ਇਹ ਕਹਿ ਸਕਦੇ ਹਾਂ ਕਿ ਅੰਮ੍ਰਿਤਾ ਦੇ ਨਾਵਲ ਵੀ ਅਰਧ ਜਗੀਰੂ ਅਤੇ ਅਰਧ ਪੂੰਜੀਵਾਦੀ ਸਮਾਜਕ ਪਾਸਾਰ ਵੇਲੇ ਦੀ ਉਪਜ ਹਨ। ਅੰਮ੍ਰਿਤਾ ਦਾ ਸੰਘਰਸ਼ ਇਕ ਮਰਦ-ਪ੍ਰਧਾਨ ਸਮਾਜ ਵਿਚ ਔਰਤ ਦੀ ਮਾਨਸਿਕਤਾ ਦੀ ਪਛਾਣ ਦਾ ਸੰਘਰਸ਼ ਸੀ ਕਿਉਂਕਿ ਉਸਨੇ ਇਸ ਕੋਝੇ ਸਿਸਟਮ ਵਿਰੁੱਧ ਆਪਣੀਆਂ ਲਿਖਤਾਂ ਵਿਚ ਹੀ ਪੇਸ਼ਕਾਰੀ ਨਹੀਂ ਕੀਤੀ ਸਗੋਂ ਉਹ ਜ਼ਿੰਦਗੀ ਆਪ ਵੀ ਹੰਢਾਈ ਹੈ।

## ਹਵਾਲੇ ਅਤੇ ਟਿੱਪਣੀਆਂ


1. *ਡਾ. ਮਨਮੋਹਨ ਸਿੰਘ, ਮਾਨਵੀ ਕਦਰਾਂ-ਕੀਮਤਾਂ, ਪੰਨਾ: 1*
2. *ਗੁਰਬਖ਼ਸ਼ ਸਿੰਘ ਫਰੈਂਕ, ਸਭਿਆਚਾਰ ਅਤੇ ਪੰਜਾਬੀ ਸਭਿਆਚਾਰ, ਪੰਨਾ: 129*
3. *ਅੰਮ੍ਰਿਤਾ ਪ੍ਰੀਤਮ, ਯਾਤਰੀ (ਨਾਵਲ), ਪੰਨਾ: 39*
4. *ਜਾਨ ਸਟੂਅਰਟ ਮਿਲ, ਇਸਤਰੀਓ ਦੀ ਪਰਾਧੀਨਤਾ, ਪੰਨਾ: 52*
5. *ਕ੍ਰਿਸ਼ਨਾ ਸੋਬਤੀ, ਮਿੱਤਰੋ ਮਰਜਾਣੀ (ਨਾਵਲ), ਪੰਨਾ: 12*
6. *ਉਹੀ, ਪੰਨਾ: 12*
7. *ਉਹੀ, ਪੰਨਾ: 65*
8. *ਉਹੀ, ਦਿਲੋਂ ਦਾਨਿਸ਼ (ਨਾਵਲ), ਪੰਨਾ: 89*
9. *ਉਹੀ, ਪੰਨਾ: 169*
10. *ਉਹੀ, ਪੰਨਾ: 145*
11. *ਉਹੀ, ਧਰਤੀ, ਸਾਗਰ ਤੇ ਸਿੱਪੀਆਂ (ਨਾਵਲ), ਪੰਨਾ 48*
12. *ਉਹੀ, ਪਿੰਜਰ (ਨਾਵਲ), ਪੰਨਾ 24*
13. *ਉਹੀ, ਪੰਨਾ: 144.*